‘ਜ਼ਿਕਰ ਪੰਜਾਬ’ ਨੂੰ
ਲੋੜ ਹੈ
ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਅਤੇ ਕਸਬਿਆਂ ਤੋਂ ਤਜ਼ਰਬੇਕਾਰ ਪੜ੍ਹੇ-ਲਿਖੇ ਪੱਤਰਕਾਰਾਂ ਦੀ
ਸੰਪਰਕ:-
9815024577
E-mail:
zikarpunjab44@gmail.com

ਸੱਚ ਦੀ ਆਵਾਜ਼ ਹੱਕ ਦੀ ਆਵਾਜ਼

# ਜ਼ਿਕਰ ਪੰਜਾਬ

ਕੁਲ ਪੰਨੇ : 8 ਮੁੱਲ : 3/- ਰੁਪਏ
ਲੁਧਿਆਣਾ : ਸੋਮਵਾਰ, 16 ਫਰਵਰੀ ਤੋਂ ਐਤਵਾਰ, 22 ਫਰਵਰੀ, 2026
WEEKLY ZIKAR PUNJAB
ਮੁੱਖ ਸੰਪਾਦਕ : ਅਸ਼ਵਨੀ ਜੇਤਲੀ/ਸਹਿ-ਸੰਪਾਦਕ : ਬਲਵਿੰਦਰ ਕੁਮਾਰ
ਹਫਤਾਵਾਰੀ ਅਖ਼ਬਾਰ
Ludhiana : Monday, 16 February to Sunday, 22 February 2026

ਪੰਜਾਬੀ ਭਾਸ਼ਾ ਵਿੱਚ ਅਖ਼ਬਾਰਾਂ, ਮੈਗਜ਼ੀਨ ਅਤੇ ਕਿਤਾਬਾਂ ਤਿਆਰ ਕਰਵਾਉਣ ਲਈ ਸੰਪਰਕ ਕਰੋ:
89685-44271
E-mail:
vicksam125@gmail.com

E-mail : zikarpunjab44@gmail.com | RNI-PUNPUN/2017/75418 | ਮੋਬਾਈਲ ਨੰ. : 9815024577 | ਸਾਲ : 10 ਅੰਕ : 07 | Website : www.zikarpunjab.com





## ਪਾਕਿਸਤਾਨ ਨੂੰ 61 ਦੌੜਾਂ ਨਾਲ ਹਰਾ ਕੇ ਸੁਪਰ-8 ’ਚ ਪਹੁੰਚੀ ਟੀਮ ਇੰਡੀਆ

### ਭਾਰਤ ਨੇ ਪਾਕਿਸਤਾਨ ਖਿਲਾਫ ਬਣਾਇਆ ਵੱਡਾ ਰਿਕਾਰਡ

ਜ਼ਿਕਰ ਪੰਜਾਬ

**ਕੋਲੰਬੋ** : ਟੀ-20 ਵਰਲਡ ਕੱਪ 2026 ਦੇ ਸਭ ਤੋਂ ਵੱਡੇ ਮੁਕਾਬਲੇ ਵਿੱਚ ਭਾਰਤ ਨੇ ਪਾਕਿਸਤਾਨ ਨੂੰ 61 ਦੌੜਾਂ ਦੇ ਵੱਡੇ ਅੰਤਰ ਨਾਲ ਹਰਾ ਕੇ ਇਤਿਹਾਸ ਰਚ ਦਿੱਤਾ ਹੈ। ਟੂਰਨਾਮੈਂਟ ਦੇ ਇਤਿਹਾਸ ਵਿੱਚ ਦੌੜਾਂ ਦੇ ਲਿਹਾਜ਼ ਨਾਲ ਪਾਕਿਸਤਾਨ ਵਿਰੁੱਧ ਇਹ ਭਾਰਤ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਜਿੱਤ ਹੈ। ਇਸ ਜਿੱਤ ਦੇ ਨਾਲ ਹੀ ਭਾਰਤੀ ਟੀਮ ਲਗਾਤਾਰ ਤਿੰਨ ਮੈਚ ਜਿੱਤ ਕੇ ਗਰੁੱਪ-ਏ ਦੀ ਅੰਕ ਸੂਚੀ ਵਿੱਚ ਸਿਖਰ ’ਤੇ ਪਹੁੰਚ ਗਈ ਹੈ ਅਤੇ ਸੁਪਰ-8 ਰਾਊਂਡ ਲਈ ਕੁਆਲੀਫਾਈ ਕਰਨ ਵਾਲੀ ਪਹਿਲੀ ਟੀਮ ਬਣ ਗਈ ਹੈ। ਐਤਵਾਰ ਨੂੰ ਕੋਲੰਬੋ ਦੇ ਆਰ. ਪ੍ਰੇਮਦਾਸਾ ਸਟੇਡੀਅਮ ਵਿੱਚ 176 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉਤਰੀ ਪਾਕਿਸਤਾਨੀ ਟੀਮ ਭਾਰਤੀ ਗੇਂਦਬਾਜ਼ਾਂ ਦੇ ਕਹਿਰ ਅੱਗੇ ਟਿਕ ਨਾ ਸਕੀ ਅਤੇ 18 ਓਵਰਾਂ ਵਿੱਚ ਮਹਿਜ਼ 114 ਦੌੜਾਂ ’ਤੇ ਆਲਆਊਟ ਹੋ ਗਈ।




### ਈਸ਼ਾਨ ਕਿਸ਼ਨ ਦੀ ਧਮਾਕੇਦਾਰ ਪਾਰੀ

ਪਾਕਿਸਤਾਨ ਖਿਲਾਫ ਮੈਚ ਵਿੱਚ ਈਸ਼ਾਨ ਕਿਸ਼ਨ ਨੇ ਸ਼ਾਨਦਾਰ ਬੱਲੇਬਾਜ਼ੀ ਕੀਤੀ। ਕਿਸ਼ਨ ਨੇ 40 ਗੇਂਦਾਂ ਵਿੱਚ 77 ਦੌੜਾਂ ਦੀ ਤੇਜ਼ ਪਾਰੀ ਖੇਡੀ। ਉਸਨੇ ਆਪਣੀ ਪਾਰੀ ਦੌਰਾਨ 10 ਚੌਕੇ ਅਤੇ 3 ਛੱਕੇ ਲਗਾਏ।

ਉਸਦੀ ਪਾਰੀ ਦੀ ਬਦੌਲਤ ਹੀ ਟੀਮ ਇੰਡੀਆ 175 ਦੌੜਾਂ ਦੇ ਸਕੋਰ ਤੱਕ ਪਹੁੰਚ ਸਕੀ।

ਭਾਰਤ ਦੀ ਇਸ ਜਿੱਤ ਦੀ ਨੀਂਹ ਈਸ਼ਾਨ ਕਿਸ਼ਨ ਨੇ ਰੱਖੀ, ਜਿਨ੍ਹਾਂ ਨੇ 40 ਗੇਂਦਾਂ ਵਿੱਚ 77 ਦੌੜਾਂ ਦੀ ਤੂਫ਼ਾਨੀ ਪਾਰੀ ਖੇਡੀ। ਕਪਤਾਨ ਸੂਰਿਆਕੁਮਾਰ ਯਾਦਵ ਨੇ ਵੀ 32 ਦੌੜਾਂ ਦਾ ਅਹਿਮ ਯੋਗਦਾਨ ਪਾਇਆ। ਗੇਂਦਬਾਜ਼ੀ ਵਿੱਚ ਜਸਪ੍ਰੀਤ ਬੁਮਰਾਹ, ਅਕਸ਼ਰ ਪਟੇਲ, ਵਰੁਣ ਚੱਕਰਵਰਤੀ ਅਤੇ ਹਾਰਦਿਕ ਪਾਂਡਿਆ ਨੇ 2-2 ਵਿਕਟਾਂ ਝਟਕ ਕੇ ਪਾਕਿਸਤਾਨੀ • ਬਾਕੀ ਸਫ਼ਾ 2 ’ਤੇ

## ਅਸੀਂ ਆਪਣੀਆਂ ਸ਼ਰਤਾਂ ’ਤੇ 38 ਦੇਸ਼ਾਂ ਨਾਲ ਸਮਝੌਤੇ ਕੀਤੇ : ਮੋਦੀ

ਜ਼ਿਕਰ ਪੰਜਾਬ

**ਨਵੀਂ ਦਿੱਲੀ** : ਕੇਂਦਰੀ ਬਜਟ ਅਤੇ ਅਮਰੀਕਾ ਤੇ ਯੂਰਪੀਅਨ ਯੂਨੀਅਨ ਨਾਲ ਹੋਏ ਵਪਾਰਕ ਸਮਝੌਤਿਆਂ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਿਊਜ਼ ਏਜੰਸੀ ਨਾਲ ਇੱਕ ਅਹਿਮ ਇੰਟਰਵਿਊ ਦੌਰਾਨ ਦੇਸ਼ ਦੀ ਆਰਥਿਕ ਤਰੱਕੀ ਅਤੇ ਭਵਿੱਖ ਦੀ ਰਣਨੀਤੀ ਬਾਰੇ ਖੁੱਲ੍ਹ ਕੇ ਗੱਲ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਦੇਸ਼ ਵਿੱਚ ਰਾਜਨੀਤਿਕ ਸਥਿਰਤਾ ਨੇ ਵਿਸ਼ਵ ਭਰ ਦੇ ਨਿਵੇਸ਼ਕਾਂ ਦਾ ਭਾਰਤ ਵਿੱਚ ਵਿਸ਼ਵਾਸ ਬਹਾਲ ਕੀਤਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਡੇ ਮਜ਼ਬੂਤ ਮੈਨੂਫੈਕਚਰਿੰਗ, ਸਰਵਿਸ ਅਤੇ ਐੱਮ. ਐੱਸ. ਐੱਮ. ਈ. ਸੈਕਟਰ ਦੀ ਬਦੌਲਤ ਭਾਰਤ ਅੱਜ 38 ਦੇਸ਼ਾਂ ਨਾਲ ਆਪਣੀਆਂ ਸ਼ਰਤਾਂ ’ਤੇ ਵਪਾਰ ਸਮਝੌਤੇ ਕਰਨ ਦੇ ਯੋਗ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਹ ਮੁਕਤ ਵਪਾਰ ਸਮਝੌਤੇ ਵਿਸ਼ੇਸ਼ ਤੌਰ ’ਤੇ ਟੈਕਸਟਾਈਲ, ਚਮੜਾ, ਕੈਮੀਕਲ, ਦਸਤਕਾਰੀ ਅਤੇ ਗਹਿਣਿਆਂ ਵਰਗੇ ਖੇਤਰਾਂ ਵਿੱਚ ਛੋਟੇ ਅਤੇ ਦਰਮਿਆਨੇ ਉਦਯੋਗਾਂ ਲਈ ਅੰਤਰਰਾਸ਼ਟਰੀ ਬਾਜ਼ਾਰ ਤੱਕ ਪਹੁੰਚ ਵਧਾਉਣ ਦੇ ਉਦੇਸ਼ ਨਾਲ ਬਣਾਏ ਗਏ ਹਨ। ਪ੍ਰਧਾਨ ਮੰਤਰੀ ਮੋਦੀ ਨੇ ਯੂ.ਪੀ.ਏ. ਸ਼ਾਸਨ ਦੌਰਾਨ ਹੋਏ ਆਰਥਿਕ ਕੁਪ੍ਰਬੰਧ ਦੀ ਸਖ਼ਤ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਸਮੇਂ ਭਾਰਤ ਦੂਜੇ ਦੇਸ਼ਾਂ ਨਾਲ ਵਪਾਰਕ ਸਮਝੌਤਿਆਂ ਲਈ ਆਤਮ-ਵਿਸ਼ਵਾਸ ਨਾਲ ਗੱਲਬਾਤ ਕਰਨ ਵਿੱਚ ਅਸਮਰੱਥ ਸੀ, ਜਿਸ ਕਾਰਨ ਕਈ ਗੱਲਬਾਤਾਂ ਬਿਨਾਂ ਕਿਸੇ ਨਤੀਜੇ ਦੇ ਟੁੱਟ ਜਾਂਦੀਆਂ ਸਨ। ਉਨ੍ਹਾਂ ਕਿਹਾ ਕਿ ਰਿਫਾਰਮ (ਸੁਧਾਰ) ਐੱਨ.ਡੀ.ਏ. ਸਰਕਾਰ ਦੀ ਵਚਨਬੱਧਤਾ ਹੈ, ਜਿਸ ਨੇ ’ਰਿਫਾਰਮ



## ਸਪੀਕਰ ਬਿਰਲਾ ਵਿਰੁੱਧ ਬੇਭਰੋਸਗੀ ਮਤੇ ਦੇ ਨੋਟਿਸ ’ਤੇ ਸੁਣਵਾਈ ਤੇ ਵੋਟਿੰਗ 9 ਨੂੰ

ਜ਼ਿਕਰ ਪੰਜਾਬ

**ਨਵੀਂ ਦਿੱਲੀ** : ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਅੱਜ ਦੱਸਿਆ ਕਿ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਅਹੁਦੇ ਤੋਂ ਹਟਾਉਣ ਲਈ ਵਿਰੋਧੀ ਧਿਰ ਵੱਲੋਂ ਲਿਆਂਦੇ ਗਏ ਬੇਭਰੋਸਗੀ ਮਤੇ ਦੇ ਨੋਟਿਸ ’ਤੇ ਚਰਚਾ ਅਤੇ ਵੋਟਿੰਗ 9 ਮਾਰਚ ਨੂੰ ਹੋਵੇਗੀ। ਰਿਜਿਜੂ ਨੇ ਦੱਸਿਆ ਕਿ ਬਜਟ ਸੈਸ਼ਨ ਦਾ ਦੂਜਾ ਪੜਾਅ 9 ਮਾਰਚ ਤੋਂ ਸ਼ੁਰੂ ਹੋ ਕੇ 2 ਅਪਰੈਲ ਤੱਕ ਚੱਲੇਗਾ। ਨਿਯਮਾਂ ਅਨੁਸਾਰ ਅਜਿਹੇ ਮਤੇ ’ਤੇ ਸਦਨ ਦੀ ਕਾਰਵਾਈ ਮੁੜ ਸ਼ੁਰੂ ਹੋਣ ਦੇ ਪਹਿਲੇ ਦਿਨ ਹੀ ਚਰਚਾ ਕੀਤੀ ਜਾਂਦੀ ਹੈ। ਉਨ੍ਹਾਂ ਚਿਤਾਵਨੀ ਵੀ ਦਿੱਤੀ ਕਿ ਜੇਕਰ ਵਿਰੋਧੀ ਧਿਰ ਪਹਿਲੇ ਪੜਾਅ ਵਾਂਗ ਹੰਗਾਮਾ ਜਾਰੀ ਰੱਖਦੀ ਹੈ ਤਾਂ ਇਹ ਖੁਦ ਉਨ੍ਹਾਂ ਲਈ ਨੁਕਸਾਨਦੇਹ ਹੋਵੇਗਾ ਕਿਉਂਕਿ ਸਰਕਾਰ ਬਿਨਾਂ ਚਰਚਾ ਦੇ ਹੀ • ਬਾਕੀ ਸਫ਼ਾ 2 ’ਤੇ

### ਪੰਜਾਬ ਸਰਕਾਰ ਆਉਣ ਵਾਲੀਆਂ ਪੀੜ੍ਹੀਆਂ ਲਈ ਪੰਜਾਬ ਦੀ

## ਅਮੀਰ ਅਧਿਆਤਮਿਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਲਈ ਵਚਨਬੱਧ : ਮਾਨ

ਜ਼ਿਕਰ ਪੰਜਾਬ

**ਧੂਰੀ** : ਮਹਾਸ਼ਿਵਰਾਤਰੀ ਦੇ ਪਵਿੱਤਰ ਮੌਕੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ

**ਮਹਾ ਸ਼ਿਵਰਾਤਰੀ ਮੌਕੇ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਨੇ ਸ੍ਰੀ ਰਣਕੇਸ਼ਵਰ ਮਹਾਦੇਵ ਮੰਦਰ ਵਿਖੇ ਮੱਥਾ ਟੇਕਿਆ, ਪੰਜਾਬ ਦੀ ਸ਼ਾਂਤੀ ਅਤੇ ਖ਼ੁਸ਼ਹਾਲੀ ਲਈ ਕੀਤੀ ਪ੍ਰਾਰਥਨਾ**

ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਤਿਕਾਰਯੋਗ ਸ਼੍ਰੀ ਰਣਕੇਸ਼ਵਰ ਮਹਾਦੇਵ ਮੰਦਰ ਵਿੱਚ ਮੱਥਾ ਟੇਕਿਆ ਅਤੇ ਇਤਿਹਾਸਕ ਸਿੱਧ ਪੀਠ ਵਿੱਚ



ਪੂਜਾ ਕੀਤੀ ਅਤੇ ਪੰਜਾਬ ਤੇ ਦੇਸ਼ ਦੀ ਸ਼ਾਂਤੀ, ਖੁਸ਼ਹਾਲੀ ਅਤੇ ਨਿਰੰਤਰ ਤਰੱਕੀ ਲਈ ਅਸ਼ੀਰਵਾਦ ਮੰਗਿਆ। ਤਿਉਹਾਰ ’ਤੇ ਲੋਕਾਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ‘ਆਪ’ ਮੁਖੀ ਨੇ ਮਹਾਸ਼ਿਵਰਾਤਰੀ ਨੂੰ ਭਾਰਤ ਦੀ ਪ੍ਰਾਚੀਨ ਅਧਿਆਤਮਿਕ ਪਰੰਪਰਾ ਵਾਲਾ ਤਿਉਹਾਰ ਦੱਸਿਆ ਅਤੇ ਪ੍ਰਾਰਥਨਾ ਕੀਤੀ ਕਿ ਭਗਵਾਨ ਭੋਲੇ ਨਾਥ ਦੀ ਕਿਰਪਾ ਹਮੇਸ਼ਾ ਹਰੇਕ ਨਾਗਰਿਕ ’ਤੇ ਬਣੀ ਰਹੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੁਹਰਾਇਆ ਕਿ ਪੰਜਾਬ ਸਰਕਾਰ ਆਉਣ ਵਾਲੀਆਂ ਪੀੜ੍ਹੀਆਂ ਲਈ ਸੂਬੇ ਦੀ ਅਮੀਰ ਅਧਿਆਤਮਿਕ ਅਤੇ ਸੱਭਿਆਚਾਰਕ ਵਿਰਾਸਤ ਨੂੰ • ਬਾਕੀ ਸਫ਼ਾ 2 ’ਤੇ

## ਭਗਵੰਤ ਸਿੰਘ ਮਾਨ ਦੀ ਅਚਾਨਕ ਵਿਗੜੀ ਸਿਹਤ

ਜ਼ਿਕਰ ਪੰਜਾਬ

**ਮੋਹਾਲੀ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਚਾਨਕ ਸਿਹਤ ਵਿਗੜਨ ਦੀ ਖ਼ਬਰ ਸਾਹਮਣੇ ਆਈ ਹੈ। ਜਾਣਕਾਰੀ ਅਨੁਸਾਰ ਸੰਗਰੂਰ ਦੌਰੇ ਦੌਰਾਨ ਮੁੱਖ ਮੰਤਰੀ ਦਾ ਬਲੱਡ ਪ੍ਰੈਸ਼ਰ (ਬੀ.ਪੀ.) ਅਚਾਨਕ ਵੱਧ ਗਿਆ, ਜਿਸ ਤੋਂ ਬਾਅਦ ਉਨ੍ਹਾਂ ਦਾ ਮੌਕੇ ‘ਤੇ ਚੈੱਕਅਪ ਕੀਤਾ ਗਿਆ। ਹਾਲਤ ਵਿੱਚ ਸੁਧਾਰ ਨਾ ਹੁੰਦਾ ਦੇਖ ਉਨ੍ਹਾਂ ਨੂੰ ਤੁਰੰਤ ਹੈਲੀਕਾਪਟਰ ਰਾਹੀਂ ਮੋਹਾਲੀ ਦੇ ਫੋਰਟਿਸ ਹਸਪਤਾਲ ਲਿਆਂਦਾ ਗਿਆ, ਜਿੱਥੇ ਮਾਹਰ ਡਾਕਟਰਾਂ ਦੀ ਨਿਗਰਾਨੀ ਹੇਠ ਉਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ। • ਬਾਕੀ ਸਫ਼ਾ 2 ’ਤੇ

## ਹੋਲਾ ਮਹੱਲਾ ’ਤੇ ਮੁੜ ਸ਼ੁਰੂ ਹੋਣਗੀਆਂ ਸਿਆਸੀ ਕਾਨਫਰੰਸਾਂ; ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ)

ਜ਼ਿਕਰ ਪੰਜਾਬ

**ਰੂਪਨਗਰ** : ਸਾਲ 2018 ਤੋਂ ਚੱਲੀ ਆ ਰਹੀ ਪ੍ਰੰਪਰਾ ਨੂੰ ਤੋੜਦਿਆਂ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਨੇ ਇਸ ਵਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਦੌਰਾਨ ਸਿਆਸੀ ਕਾਨਫਰੰਸ ਕਰਨ ਦਾ ਫੈਸਲਾ ਕੀਤਾ ਹੈ। ਪਾਰਟੀ ਦੇ ਬੁਲਾਰੇ ਪ੍ਰੇਮ ਸਿੰਘ ਚੰਦੂਮਾਜਰਾ ਨੇ ਪੁਸ਼ਟੀ ਕਰਦਿਆਂ ਕਿਹਾ ਕਿ ਅਕਾਲੀ ਦਲ (ਬਾਦਲ) ਤੋਂ ਵੱਖ ਹੋਏ ਇਸ ਧੜੇ ਨੇ ਤਿੰਨ ਰੋਜ਼ਾ ਧਾਰਮਿਕ ਸਮਾਗਮ ਦੌਰਾਨ ਰੈਲੀ ਕਰਨ ਦੀ ਯੋਜਨਾ ਬਣਾਈ ਹੈ ਅਤੇ ਆਨੰਦਪੁਰ ਸਾਹਿਬ-ਕੀਰਤਪੁਰ ਸਾਹਿਬ ਮੁੱਖ ਮਾਰਗ ’ਤੇ ਇਸ ਲਈ ਥਾਂ ਦੀ ਚੋਣ ਵੀ ਕਰ ਲਈ ਹੈ। ਜ਼ਿਕਰਯੋਗ ਹੈ ਕਿ 2018 ਵਿੱਚ ਸਿੱਖ ਜਥੇਦਾਰਾਂ ਨੇ ਸਿਆਸੀ ਪਾਰਟੀਆਂ ਨੂੰ ਅਪੀਲ ਕੀਤੀ ਸੀ ਕਿ ਉਹ ਇਸ ਪਵਿੱਤਰ ਦਿਹਾੜੇ ਦੌਰਾਨ ਇੱਕ-ਦੂਜੇ ’ਤੇ ਦੂਸ਼ਣਬਾਜ਼ੀ ਅਤੇ ਸਿਆਸੀ ਹਮਲਿਆਂ ਤੋਂ ਗੁਰੇਜ਼ ਕਰਨ। ਉਦੋਂ ਤੋਂ ਪੰਜਾਬ ਦੀਆਂ ਪ੍ਰਮੁੱਖ ਪਾਰਟੀਆਂ ਨੇ ਇੱਥੇ ਰੈਲੀਆਂ ਕਰਨੀਆਂ ਬੰਦ ਕਰ ਦਿੱਤੀਆਂ ਸਨ। ਹਾਲਾਂਕਿ, ਚੰਦੂਮਾਜਰਾ ਦਾ ਕਹਿਣਾ ਹੈ ਕਿ ਜਥੇਦਾਰਾਂ ਨੇ ਸਿਰਫ ਨਿੱਜੀ ਦੂਸ਼ਣਬਾਜ਼ੀ ਤੋਂ ਮਨ੍ਹਾ ਕੀਤਾ ਸੀ, ਕਾਨਫਰੰਸਾਂ ’ਤੇ ਕੋਈ ਰੋਕ ਨਹੀਂ ਲਗਾਈ ਸੀ। ਉਨ੍ਹਾਂ • ਬਾਕੀ ਸਫ਼ਾ 2 ’ਤੇ

**ਸਾਲ 2018 ਤੋਂ ਬਾਅਦ ਪਹਿਲੀ ਵਾਰ ਸਜੇਗੀ ਸਿਆਸੀ ਸਟੇਜ**

## ਭਾਰਤ-ਅਮਰੀਕਾ ਵਪਾਰ ਸਮਝੌਤਾ ਭਾਰਤੀ ਕਿਸਾਨਾਂ ਨਾਲ ਵਿਸ਼ਵਾਸਘਾਤ ਕਰਦਾ ਹੈ : ਰਾਹੁਲ ਗਾਂਧੀ

ਜ਼ਿਕਰ ਪੰਜਾਬ

**ਨਵੀਂ ਦਿੱਲੀ**: ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਐਤਵਾਰ ਨੂੰ ਭਾਰਤ-ਅਮਰੀਕਾ ਵਪਾਰ ਸਮਝੌਤੇ ਦੇ ਢਾਂਚੇ ਨੂੰ ਲੈ ਕੇ ਕੇਂਦਰ ਸਰਕਾਰ ’ਤੇ ਆਪਣਾ ਹਮਲਾ ਜਾਰੀ ਰੱਖਿਆ। ਸੋਸ਼ਲ ਮੀਡੀਆ ’ਤੇ ਇੱਕ ਪੋਸਟ ਵਿੱਚ, ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਭਾਰਤ ਅਤੇ ਅਮਰੀਕਾ ਵਿਚਕਾਰ ਅੰਤਰਿਮ ਵਪਾਰ ਸਮਝੌਤੇ ਬਾਰੇ ਪੰਜ ਸਵਾਲ ਪੁੱਛੇ। ਉਨ੍ਹਾਂ ਦਾ ਮੁੱਖ ਦੋਸ਼ ਹੈ ਕਿ ਇਹ ਸੌਦਾ ਭਾਰਤੀ ਕਿਸਾਨਾਂ ਨਾਲ ਵਿਸ਼ਵਾਸਘਾਤ ਕਰਦਾ ਹੈ। ਅਮਰੀਕਾ ਨਾਲ ਹਾਲ ਹੀ ਵਿੱਚ ਹੋਏ ਇਸ ਸਮਝੌਤੇ ਵਿੱਚ ਕੁਝ ਅਮਰੀਕੀ ਖੇਤੀਬਾੜੀ ਉਤਪਾਦਾਂ ’ਤੇ ਟੈਰਿਫ (ਆਯਾਤ ਡਿਊਟੀਆਂ) ਘਟਾਉਣ ਦੀ ਮੰਗ ਕੀਤੀ ਗਈ ਹੈ। ਇਸ ਨਾਲ ਕੁਝ ਅਮਰੀਕੀ-ਨਿਰਮਿਤ ਵਸਤੂਆਂ



ਸਸਤੀਆਂ ਕੀਮਤਾਂ ’ਤੇ ਭਾਰਤ ਵਿੱਚ ਦਾਖਲ ਹੋਣਗੀਆਂ। ਰਾਹੁਲ ਗਾਂਧੀ ਦਾ ਕਹਿਣਾ ਹੈ ਕਿ ਇਸ ਨਾਲ ਭਾਰਤੀ ਕਿਸਾਨਾਂ ਨੂੰ ਭਾਰੀ ਨੁਕਸਾਨ ਹੋਵੇਗਾ, ਕਿਉਂਕਿ ਸਸਤੇ ਆਯਾਤ ਕਾਰਨ ਉਨ੍ਹਾਂ ਦੀਆਂ ਫਸਲਾਂ ਦੀਆਂ ਕੀਮਤਾਂ ਡਿੱਗ ਜਾਣਗੀਆਂ, ਜਿਸ ਨਾਲ ਉਹ ਬਾਜ਼ਾਰ ਵਿੱਚ ਮੁਕਾਬਲਾ ਕਰਨ ਦੇ ਯੋਗ ਨਹੀਂ ਰਹਿਣਗੇ। ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਤੋਂ ਪੁੱਛੇ ਗਏ ਪੰਜ ਸਵਾਲ ਇਸ ਪ੍ਰਕਾਰ ਹਨ। ਡਿਸਟਿਲਰ ਸੁੱਕੇ ਅਨਾਜ) ਅਮਰੀਕਾ ਤੋਂ ਆਯਾਤ ਕੀਤੇ ਜਾਣਗੇ, ਜੋ GM (ਜੈਨੇਟਿਕਲੀ ਮੋਡੀਫਾਈਡ) ਮੱਕੀ ਤੋਂ ਬਣੇ ਹੋਣਗੇ। ਕੀ ਇਸਦਾ ਮਤਲਬ ਹੈ ਕਿ ਭਾਰਤੀ ਪਸ਼ੂਆਂ ਅਤੇ ਮੱਝਾਂ ਨੂੰ GM ਮੱਕੀ ਤੋਂ ਬਣੇ ਉਤਪਾਦ ਖੁਆਏ ਜਾਣਗੇ? ਕੀ ਇਸ ਨਾਲ ਸਾਡਾ ਦੁੱਧ ਉਤਪਾਦਨ ਅਮਰੀਕੀ ਖੇਤੀਬਾੜੀ ’ਤੇ ਨਿਰਭਰ ਹੋ ਜਾਵੇਗਾ? ਜੇਕਰ GM ਸੋਇਆਬੀਨ ਤੇਲ ਸਸਤਾ ਹੋ ਜਾਂਦਾ ਹੈ, ਤਾਂ ਮੱਧ ਪ੍ਰਦੇਸ਼, ਮਹਾਰਾਸ਼ਟਰ, ਰਾਜਸਥਾਨ, ਆਦਿ ਰਾਜਾਂ ਵਿੱਚ ਸੋਇਆਬੀਨ ਕਿਸਾਨ ਕੀ ਕਰਨਗੇ? ਉਨ੍ਹਾਂ ਦੀਆਂ ਫਸਲਾਂ ਦੀਆਂ ਕੀਮਤਾਂ ਪਹਿਲਾਂ ਹੀ ਘੱਟ ਹਨ, ਉਹ ਅਗਲੇ ਝਟਕੇ ਨੂੰ ਕਿਵੇਂ ਸਹਿਣ ਕਰਨਗੇ? ਸਮਝੌਤੇ ਵਿੱਚ ‘ਵਾਧੂ ਉਤਪਾਦਾਂ’ ਬਾਰੇ ਦੱਸਿਆ ਗਿਆ ਹੈ। ਕੀ ਇਸਦਾ ਮਤਲਬ ਹੈ ਕਿ ਭਵਿੱਖ ਵਿੱਚ ਅਮਰੀਕਾ ਤੋਂ ਦਾਲਾਂ ਅਤੇ ਹੋਰ ਫਸਲਾਂ ਨੂੰ ਵੀ ਆਯਾਤ ਲਈ ਖੋਲ੍ਹਿਆ ਜਾਵੇਗਾ? ਕੀ ਇਹ ਹੌਲੀ-ਹੌਲੀ ਹੋਰ ਫਸਲਾਂ ਨੂੰ ਸ਼ਾਮਲ ਕਰਨ ਦਾ ਸੰਕੇਤ ਹੈ? ਇਹ ਗੈਰ-ਵਪਾਰਕ ਰੁਕਾਵਟਾਂ (ਜਿਵੇਂ ਕਿ GM ਫਸਲਾਂ ’ਤੇ ਪਾਬੰਦੀਆਂ, ਖਰੀਦ • ਬਾਕੀ ਸਫ਼ਾ 2 ’ਤੇ

## ਸ੍ਰੀ ਗੁਰੂ ਰਵਿਦਾਸ ਜੀ ਤੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ’ਚ ਸੈਮੀਨਾਰ ਕਰਾਉਣ ਦਾ ਹੋਇਆ ਫ਼ੈਸਲਾ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**

ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੀਂ ਸ਼ਤਾਬਦੀ ਮੌਕੇ ਦੇਸ਼ ਦੁਨੀਆ ਵਿਚ ਗੁਰੂ ਰਵਿਦਾਸ ਜੀ ਦੀ ਬਾਣੀ ਤੇ ਜੀਵਨ ਬਾਰੇ ਵਿਚਾਰ ਚਰਚਾ ਤੇ ਹੋਰ ਕਈ ਤਰ੍ਹਾਂ ਦੇ ਸਮਾਗਮ ਤੇ ਨਗਰ ਕੀਰਤਨ ਕਰਨ ਦਾ ਪ੍ਰੋਗਰਾਮ ਵੱਖ ਵੱਖ ਸੰਸਥਾਵਾਂ ਤੇ ਸੰਗਤਾਂ ਵੱਲੋਂ ਉਲੀਕਿਆ ਜਾ ਰਿਹਾ ਹੈ। ਇਸੇ ਤਹਿਤ ਪੰਜਾਬ ਦੇ ਗੁਰੂ ਰਵਿਦਾਸ ਜੀ ਨੂੰ ਪਿਆਰ ਕਰਨ ਵਾਲਿਆਂ ਨੇ ‘ਬਾਣੀ ਵਿਚਾਰ ਚੇਤਨਾ ਮੰਚ’ ਦੇ ਬੈਨਰ ਹੇਠ ਪੰਜਾਬ ਭਰ ਵਿਚ ਗੁਰੂ ਰਵਿਦਾਸ ਨਾਲ ਸਬੰਧ ਅਕਾਦਮਿਕ ਤੇ ਅਧਿਆਤਮਿਕਤਾ ਦੇ ਸੁਮੇਲ ਤੇ ਵਿਚਾਰ ਚਰਚਾ ਕਰਨ ਲਈ ਸੈਮੀਨਾਰ ਕਰਾਉਣ ਦਾ ਫ਼ੈਸਲਾ ਕੀਤਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਬਾਣੀ ਵਿਚਾਰ ਚੇਤਨਾ ਮੰਚ ਦੇ ਸਰਪ੍ਰਸਤ ਬਲਵਿੰਦਰ ਸਿੰਘ ਜਾਤੀਵਾਲ ਸਾਬਕਾ ਜੀ ਐੱਮ ਮਿਲਕਫੈੱਡ ਪੰਜਾਬ ਨੇ ਦੱਸਿਆ ਕਿ ਇਹ ਸੈਮੀਨਾਰ ਪੰਜਾਬ ਭਰ ਦੇ ਵੱਖ ਵੱਖ ਜ਼ਿਲ੍ਹਿਆਂ ਵਿਚ ਕਰਾਏ ਜਾਣਗੇ, ਜਿਸ ਤਹਿਤ ਪਹਿਲਾ ਸੈਮੀਨਾਰ ਲੁਧਿਆਣਾ ਵਿਚ 22 ਮਾਰਚ ਨੂੰ ਸਵੇਰੇ 10 ਵਜੇ ਤੋਂ 2 ਵਜੇ ਤੱਕ ਕਰਾਇਆ ਜਾ ਰਿਹਾ ਹੈ। ਇਹ ਸੈਮੀਨਾਰ ਨਿਰੋਲ ਗੁਰੂ ਰਵੀਦਾਸ ਦੀ • ਬਾਕੀ ਸਫ਼ਾ 2 ’ਤੇ

**ਪਹਿਲਾ ਸੈਮੀਨਾਰ ਲੁਧਿਆਣਾ ਵਿਚ 22 ਮਾਰਚ ਨੂੰ ਹੋਵੇਗਾ: ਜਾਤੀਵਾਲ**

## ਚੰਡੀਗੜ੍ਹ ਨੂੰ ਮਿਲੇਗਾ ਪਹਿਲਾ ਸੈਨਿਕ ਸਕੂਲ: ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਮੰਜ਼ੂਰੀ ਨੂੰ ਦਿੱਤਾ ਭਰੋਸਾ



ਜ਼ਿਕਰ ਪੰਜਾਬ

**ਚੰਡੀਗੜ੍ਹ** : ਚੰਡੀਗੜ੍ਹ ਵਿੱਚ ਪਹਿਲਾ ਸੈਨਿਕ ਸਕੂਲ ਖੋਲ੍ਹਣ ਦਾ ਰਾਹ ਪੱਧਰਾ ਹੋ ਗਿਆ ਹੈ। ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਐਤਵਾਰ ਨੂੰ ਪੰਜਾਬ ਦੇ ਰਾਜਪਾਲ ਅਤੇ ਯੂਟੀ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੂੰ ਇਸ ਪ੍ਰੋਜੈਕਟ ਲਈ ਆਪਣੀ ਮਨਜ਼ੂਰੀ ਦਾ ਪੂਰਾ ਭਰੋਸਾ ਦਿੱਤਾ ਹੈ। ਨਵੀਂ ਦਿੱਲੀ ਵਿੱਚ ਹੋਈ ਇਸ ਅਹਿਮ ਮੁਲਾਕਾਤ ਦੌਰਾਨ ਕਟਾਰੀਆ ਨੇ ਜ਼ੋਰ ਦੇ ਕੇ ਕਿਹਾ ਕਿ ਚੰਡੀਗੜ੍ਹ ਵਿੱਚ ਸੈਨਿਕ ਸਕੂਲ ਖੁੱਲ੍ਹਣ ਨਾਲ ਨੌਜਵਾਨਾਂ ਵਿੱਚ ਅਨੁਸ਼ਾਸਨ, ਲੀਡਰਸ਼ਿਪ ਅਤੇ ਦੇਸ਼ ਸੇਵਾ ਦੀ ਭਾਵਨਾ ਮਜ਼ਬੂਤ ਹੋਵੇਗੀ। ਇਸ ਦੇ ਨਾਲ ਹੀ ਦੋਵਾਂ ਆਗੂਆਂ ਨੇ ਸਰਹੱਦੀ ਇਲਾਕਿਆਂ ਵਿੱਚ ਡਰੋਨ ਰਾਹੀਂ ਹੋਣ ਵਾਲੀ ਹਥਿਆਰਾਂ ਅਤੇ ਨਸ਼ਿਆਂ ਦੀ ਤਸਕਰੀ ਨੂੰ ਰੋਕਣ ਲਈ ਐਂਟੀ-ਡਰੋਨ ਸਿਸਟਮ ਨੂੰ ਹੋਰ ਆਧੁਨਿਕ ਬਣਾਉਣ ’ਤੇ ਵੀ ਚਰਚਾ ਕੀਤੀ। ਸਿੱਖਿਆ ਸਕੱਤਰ ਪ੍ਰੇਰਣਾ ਪੁਰੀ ਅਨੁਸਾਰ, ਇਹ ਸਕੂਲ ਸੈਕਟਰ 23 ਦੇ GMSSS-23A ਦੇ 16 ਏਕੜ ਕੈਂਪਸ ਵਿੱਚ ਸਥਾਪਿਤ ਕੀਤਾ ਜਾਵੇਗਾ। ਨਵੰਬਰ 2025 ਵਿੱਚ ਇੱਕ ਉੱਚ-ਪੱਧਰੀ ਕਮੇਟੀ ਨੇ ਪਹਿਲਾਂ ਹੀ ਸਕੂਲ ਦੇ ਬੁਨਿਆਦੀ ਢਾਂਚੇ ਅਤੇ ਅਕਾਦਮਿਕ ਤਿਆਰੀਆਂ ਦਾ ਜਾਇਜ਼ਾ ਲੈ ਕੇ ਇਸ ਨੂੰ ਢੁਕਵਾਂ ਪਾਇਆ ਸੀ। ਇਹ ਸਕੂਲ ਪੂਰੀ ਤਰ੍ਹਾਂ ਰਿਹਾਇਸ਼ੀ ਹੋਵੇਗਾ ਅਤੇ ਇੱਥੇ 6ਵੀਂ ਤੇ 9ਵੀਂ ਜਮਾਤ ਵਿੱਚ ਦਾਖ਼ਲਾ ਆਲ ਇੰਡੀਆ ਸੈਨਿਕ • ਬਾਕੀ ਸਫ਼ਾ 2 ’ਤੇ

## 22 ਅਪ੍ਰੈਲ ਨੂੰ ਖੁੱਲ੍ਹਣਗੇ ਕੇਦਾਰਨਾਥ ਮੰਦਰ ਦੇ ਕਪਾਟ

ਜ਼ਿਕਰ ਪੰਜਾਬ

**ਰੁਦਰਪ੍ਰਯਾਗ (ਉੱਤਰਾਖੰਡ)**: ਅੱਜ ਮਹਾਸ਼ਿਵਰਾਤਰੀ ਹੈ। ਭਗਵਾਨ ਸ਼ਿਵ ਦੇ ਭਗਤ ਸ਼ਿਵ ਮੰਦਰਾਂ ਵਿੱਚ ਭਾਰੀ ਭੀੜ ਕਰ ਰਹੇ ਹਨ। ਇਸ ਸੰਦਰਭ ਵਿੱਚ, ਉੱਤਰਾਖੰਡ ਦੇ ਚਾਰ ਪਵਿੱਤਰ ਤੀਰਥਾਂ ਵਿੱਚੋਂ ਇੱਕ, ਬਾਬਾ ਕੇਦਾਰਨਾਥ ਧਾਮ ਦੇ ਕਪਾਟ ਖੋਲ੍ਹਣ ਦੀ ਮਿਤੀ ਅਤੇ ਸਮਾਂ ਅੱਜ ਐਲਾਨ ਕੀਤਾ ਗਿਆ ਹੈ। ਬਾਬਾ ਕੇਦਾਰਨਾਥ ਧਾਮ ਦੇ ਕਪਾਟ 22 ਅਪ੍ਰੈਲ ਨੂੰ ਵ੍ਰਿਸ਼ ਵਿਆਹ ਦੌਰਾਨ ਸ਼ਰਧਾਲੂਆਂ ਲਈ ਖੁੱਲ੍ਹਣਗੇ। ਕੇਦਾਰਨਾਥ ਧਾਮ ਦੇ ਕਪਾਟ ਖੋਲ੍ਹਣ ਦੀ ਮਿਤੀ ਦਾ ਐਲਾਨ ਓਂਕਾਰੇਸ਼ਵਰ ਮੰਦਰ, ਉਖੀਮਠ, ਬਾਬਾ ਕੇਦਾਰਨਾਥ ਦੇ ਸਰਦੀਆਂ ਦੇ ਸਥਾਨ ਵਿਖੇ ਕੀਤਾ ਗਿਆ। ਵਿਸ਼ਵ-ਪ੍ਰਸਿੱਧ ਗਿਆਰ੍ਹਵੇਂ ਜਯੋਤਿਰਲਿੰਗ, ਭਗਵਾਨ ਕੇਦਾਰਨਾਥ ਧਾਮ ਦੇ ਕਪਾਟ ਖੋਲ੍ਹਣ ਦੀ ਸ਼ੁਭ ਮਿਤੀ ਦਾ ਐਲਾਨ ਅੱਜ ਮਹਾਂਸ਼ਿਵਰਾਤਰੀ ਦੇ ਸ਼ੁਭ ਮੌਕੇ ’ਤੇ ਕੀਤਾ ਗਿਆ। ਇਹ ਫੈਸਲਾ ਕੈਲੰਡਰ ਗਣਨਾਵਾਂ ਅਨੁਸਾਰ, ਓਂਕਾਰੇਸ਼ਵਰ ਮੰਦਰ, ਉਖੀਮਠ ਵਿਖੇ ਵਿਦਵਾਨ ਵਿਦਵਾਨਾਂ ਅਤੇ ਸਹੀ ਧਾਰਕਾਂ ਦੀ ਮੌਜੂਦਗੀ ਵਿੱਚ ਵੈਦਿਕ ਜਾਪ ਨਾਲ ਲਿਆ ਗਿਆ। ਇਸ ਸਾਲ, ਬਾਬਾ ਕੇਦਾਰਨਾਥ ਦੇ ਕਪਾਟ 22 ਅਪ੍ਰੈਲ ਨੂੰ ਸਵੇਰੇ 8 ਵਜੇ ਵ੍ਰਿਸ਼ ਵਿਆਹ ਦੌਰਾਨ ਖੁੱਲ੍ਹਣਗੇ। ਇਸ ਸਾਲ ਦੀ ਘੋਸ਼ਣਾ ਇਸ ਲਈ ਵੀ ਖਾਸ ਸੀ ਕਿਉਂਕਿ ਕੇਦਾਰਨਾਥ ਧਾਮ ਦੇ ਨਵੇਂ ਰਾਵਲ ਦਾ ਨਾਮ ’ਕੇਦਾਰ ਲਿੰਗ’ ਵੀ ਅਧਿਕਾਰਤ ਤੌਰ ’ਤੇ ਐਲਾਨ ਕੀਤਾ ਗਿਆ ਸੀ। ਮਹਾਂਸ਼ਿਵਰਾਤਰੀ ਦੇ ਮੌਕੇ ’ਤੇ ਓਂਕਾਰੇਸ਼ਵਰ ਮੰਦਰ ਨੂੰ ਸ਼ਾਨਦਾਰ ਢੰਗ ਨਾਲ ਸਜਾਇਆ ਗਿਆ ਹੈ। ਪਰੰਪਰਾ ਅਨੁਸਾਰ, ਅੱਜ ਸਵੇਰੇ ਵਿਸ਼ੇਸ਼ ਪ੍ਰਾਰਥਨਾਵਾਂ ਤੋਂ ਬਾਅਦ ਮੰਦਰ ਦੇ ਕਪਾਟ ਖੋਲ੍ਹਣ ਦੇ ਸ਼ੁਭ ਸਮੇਂ ਦਾ ਐਲਾਨ ਕੀਤਾ ਗਿਆ। ਬਾਬਾ ਦੀ ਪੰਚਮੁਖੀ ਡੋਲੀ ਦੇ ਰਵਾਨਾ ਹੋਣ ਦਾ ਪੂਰਾ ਸਮਾਂ-ਸਾਰਣੀ ਵੀ ਜਾਰੀ ਕੀਤੀ ਗਈ। ਕੇਦਾਰਨਾਥ ਯਾਤਰਾ • ਬਾਕੀ ਸਫ਼ਾ 2 ’ਤੇ



## ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਗੜ੍ਹੀ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ

ਜ਼ਿਕਰ ਪੰਜਾਬ

**ਅੰਮ੍ਰਿਤਸਰ** : ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ੍ਰੀ ਜਸਵੀਰ ਸਿੰਘ ਗੜ੍ਹੀ ਨੇ ਅੱਜ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰ ਉੱਪਰ ਨਤਮਸਤਕ ਹੋਣ ਤੋਂ ਬਾਅਦ ਚੇਅਰਮੈਨ ਸ੍ਰੀ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਉਹ ਗੁਰੂ ਸਾਹਿਬ ਦਾ ਕੋਟਿਨ-ਕੋਟਿ ਸ਼ੁਕਰਾਨਾਂ ਕਰਦੇ ਹਨ ਜਿਨ੍ਹਾਂ ਦੀ ਮਿਹਰ ਸਦਕਾ ਉਨ੍ਹਾਂ ਨੂੰ ਇਸ ਪਾਵਨ ਅਸਥਾਨ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਸ ਮੌਕੇ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਸੂਚਨਾ ਕੇਂਦਰ ਵਿਖੇ ਚੇਅਰਮੈਨ ਸ੍ਰੀ ਜਸਵੀਰ ਸਿੰਘ ਗੜ੍ਹੀ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਐੱਸ.ਡੀ.ਐੱਮ. ਲੋਪੋਕੇ ਸ੍ਰੀ ਖੁਸ਼ਪ੍ਰੀਤ ਸਿੰਘ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ। ਸ੍ਰੀ ਦਰਬਾਰ ਸਾਹਿਬ ਦੇ ਬਾਹਰ ਸੂਚਨਾ ਕੇਂਦਰ ਦੇ ਨਜ਼ਦੀਕ ਪੱਤਰਕਾਰਾਂ ਨਾਲ ਗੱਲ ਕਰਦਿਆਂ ਚੇਅਰਮੈਨ ਸ੍ਰੀ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਮਨੁੱਖਤਾ ਅਤੇ ਸਰਬ ਸਾਂਝੀਵਾਲਤਾ ਦਾ ਜੋ ਉਪਦੇਸ਼ ਦਿੱਤਾ ਗਿਆ ਹੈ ਉਸ ਨੂੰ ਆਪਣੇ ਅਮਲੀ ਜੀਵਨ ਵਿੱਚ ਵੀ ਅਪਨਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਮਾਜ ਵਿੱਚ ਅਜੇ ਵੀ ਜਾਤ-ਪਾਤ ਨੂੰ ਲੈ ਕੇ ਕੁਝ ਵਿਤਕਰਾ ਦੇਖਣ ਨੂੰ ਮਿਲਦਾ ਹੈ ਜੋ ਕਿ ਗੁਰੂ ਸਾਹਿਬਾਨ ਦੇ ਸਿਧਾਂਤ ਦੇ ਬਿਲਕੁੱਲ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਵਜੋਂ ਸੇਵਾ ਨਿਭਾਉਂਦਿਆਂ ਉਹ ਸਮਾਜ ਵਿੱਚ ਹੋ ਰਹੇ ਇਸ ਵਿਤਕਰੇ ਨੂੰ ਵੀ ਹੋਰ ਵੀ ਨੇੜੇ ਤੋਂ ਮਹਿਸੂਸ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸਾਲ ਵਿੱਚ ਉਨ੍ਹਾਂ ਦੇ ਦਫ਼ਤਰ ਵਿੱਚ 3750 ਸ਼ਿਕਾਇਤਾਂ ਜਾਤ-ਪਾਤ ਦੇ ਹੋ ਰਹੇ ਵਿਤਕਰੇ ਨਾਲ ਸਬੰਧਿਤ ਪਹੁੰਚ ਗਈਆਂ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ ‘ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ’ ਦੇ ਮਹਾਂਵਾਕ ਉੱਪਰ ਚੱਲਦਿਆਂ ਕਮਿਸ਼ਨ ਵੱਲੋਂ ਜਾਤੀ ਵਿਤਕਰਿਆਂ ਨੂੰ ਖ਼ਤਮ ਕਰਨ ਲਈ ਪੂਰੀ ਸੁਹਿਰਦਤਾ ਨਾਲ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਰਾਜ ਅਨੁਸੂਚਿਤ • ਬਾਕੀ ਸਫ਼ਾ 2 ’ਤੇ



## ਮੋਦੀ ਸਰਕਾਰ ਨੇ ਅਮਰੀਕਾ ਅੱਗੇ ਗੋਡੇ ਟੇਕੇ : ਸੰਧਵਾਂ



ਜ਼ਿਕਰ ਪੰਜਾਬ

**ਅੰਮ੍ਰਿਤਸਰ** : ਪੰਜਾਬ ਵਿਧਾਨ ਸਭਾ ਦੇ ਸਪੀਕਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਨੇ ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਦੇਸ਼ ਵਿਰੋਧੀ ਐਲਾਨਦਿਆਂ ਕਿਹਾ ਹੈ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਭਾਰਤ-ਅਮਰੀਕਾ ਵਪਾਰ ਸਮਝੌਤੇ ਰਾਹੀਂ ਪੰਜਾਬ ਦੇ ਕਿਸਾਨਾਂ ਨੂੰ ਬਰਬਾਦ ਕਰਨ ਅਤੇ ਭਾਰਤ ਦੀ ਖੇਤੀਬਾੜੀ ਨੂੰ ਅਮਰੀਕਾ ਕੋਲ ਵੇਚਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਅੱਜ ਅੰਮ੍ਰਿਤਸਰ ਵਿਖੇ ਇੱਕ ਨਿੱਜੀ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲ ਕਰਦਿਆਂ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਜੇ ਅਮਰੀਕਾ ਤੋਂ ਸਸਤਾ ਦੁੱਧ ਪਾਊਡਰ, ਪਨੀਰ, ਅਨਾਜ ਅਤੇ ਹੋਰ ਖੇਤੀ ਉਤਪਾਦ ਘੱਟ ਕੀਮਤਾਂ ’ਤੇ ਭਾਰਤ ਵਿੱਚ ਆਉਣੇ ਸ਼ੁਰੂ ਹੋ ਗਏ ਤਾਂ ਪੰਜਾਬ ਦਾ ਕਿਸਾਨ ਕਿੱਧਰ ਜਾਵੇਗਾ। ਉਹਨਾਂ ਕਿਹਾ ਕਿ ਪੰਜਾਬ ਦਾ ਕਿਸਾਨ ਕਈ ਦਹਾਕਿਆਂ ਤੋਂ ਕਣਕ ਅਤੇ ਝੋਨੇ ਰਾਹੀਂ ਭਾਰਤ ਦੇ ਰਾਸ਼ਟਰੀ ਅੰਨ ਭੰਡਾਰ ਵਿੱਚ ਵੱਡਾ ਯੋਗਦਾਨ ਪਾ ਰਿਹਾ ਹੈ। ਇਸ ਦੇ ਬਾਵਜੂਦ ਕੇਂਦਰ ਸਰਕਾਰ ਵੱਲੋਂ ਕਿਸਾਨੀ ਨੂੰ ਤਬਾਹ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਸਪੀਕਰ ਸ. ਸੰਧਵਾਂ ਨੇ ਦੋਸ਼ ਲਾਇਆ • ਬਾਕੀ ਸਫ਼ਾ 2 ’ਤੇ

# ਲੁਧਿਆਣਾ ਪੁਲਿਸ ਵੱਲੋਂ ਮੋਟਰਾਂ ਤੋਂ ਤਾਰਾਂ ਚੋਰੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼

## 3 ਚੋਰ ਗ੍ਰਿਫ਼ਤਾਰ, 16 ਕਿਲੋ 500 ਗ੍ਰਾਮ ਤਾਰਾਂ ਸਮੇਤ ਤਾਂਬਾ ਅਤੇ ਇੱਕ ਮੋਟਰਸਾਈਕਲ ਬਰਾਮਦ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**

ਕਮਿਸ਼ਨਰ ਪੁਲਿਸ ਲੁਧਿਆਣਾ ਸ੍ਰੀ ਸਵਪਨ ਸ਼ਰਮਾ ਆਈ.ਪੀ.ਐਸ.ਅਤੇ ਡਿਪਟੀ ਕਮਿਸ਼ਨਰ ਪੁਲਿਸ (ਦਿਹਾਤੀ) ਸ਼੍ਰੀ ਜਸਕਿਰਨਜੀਤ ਸਿੰਘ ਤੇਜਾ ਪੀ.ਪੀ.ਐਸ. ਦੇ ਦਿਸ਼ਾ ਨਿਰਦੇਸ਼ਾਂ ਹੇਠ ਅਮਨ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਦੇ ਹੋਏ ਕਮਿਸ਼ਨਰੇਟ ਪੁਲਿਸ ਲੁਧਿਆਣਾ ਵੱਲੋ ਚੋਰੀ ਦੀ ਵਾਰਦਾਤ ਦਾ ਪਰਦਾਫਾਸ਼, 03 ਚੋਰ ਗ੍ਰਿਫ਼ਤਾਰ ਕਰਕੇ 16 ਕਿਲੋ 500 ਗ੍ਰਾਮ ਤਾਰਾਂ ਸਮੇਤ ਤਾਂਬਾ ਅਤੇ ਇੱਕ ਮੋਟਰਸਾਈਕਲ ਬਰਾਮਦ ਕੀਤਾ ਗਿਆ। ਜਿਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਸ੍ਰੀ ਜਸ਼ਨਦੀਪ ਸਿੰਘ ਗਿੱਲ ਪੀ.ਪੀ.ਐਸ. ਵਧੀਕ ਡਿਪਟੀ ਕਮਿਸ਼ਨਰ ਪੁਲਿਸ ਜੋਨ-4, ਅਤੇ ਸ੍ਰੀ ਇੰਦਰਜੀਤ ਸਿੰਘ ਪੀ.ਪੀ.ਐਸ. ਸਹਾਇਕ ਕਮਿਸ਼ਨਰ ਪੁਲਿਸ ਇੰਡਸਟਰੀ ਏਰੀਆ- ਏ ਜੀ ਨੇ ਦੱਸਿਆ ਕਿ ਇੰਸਪੈਕਟਰ ਪਰਮਦੀਪ



ਸਿੰਘ ਮੁੱਖ ਅਫਸਰ ਥਾਣਾ ਕੂੰਮ ਕਲਾਂ ਲੁਧਿਆਣਾ ਜੀ ਦੀ ਅਗਵਾਈ ਹੇਠ ਚੌਂਕੀ ਕਟਾਣੀ ਕਲਾਂ ਦੀ ਪੁਲਿਸ ਟੀਮ ਨੂੰ ਦੌਰਾਨੇ ਨਾਕਾਬੰਦੀ ਇੱਕ ਇਤਲਾਹ ਮਿਲੀ ਕਿ ਸੁਖਵਿੰਦਰ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਪਿੰਡ ਸੁਦਾਵਾਲ ਥਾਣਾ ਕੂੰਮ ਕਲਾਂ, ਗੋਲਡੀ ਸਿੰਘ ਪੁੱਤਰ ਸਤਰੰਗ ਸਿੰਘ ਵਾਸੀ ਪਿੰਡ ਸੁਦਾਵਾਲ ਥਾਣਾ ਕੂੰਮ ਕਲਾਂ ਅਤੇ ਸਤਬੀਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਕਨੇਚ ਥਾਣਾ ਸਾਹਨੇਵਾਲ ਜ਼ਿਲ੍ਹਾ ਲੁਧਿਆਣਾ ਜੋ ਕਿ ਖੇਤਾਂ ਵਿੱਚ ਲੱਗੀਆਂ ਪਾਣੀ ਵਾਲੀਆ ਮੋਟਰਾਂ ਤੋ ਬਿਜਲੀ ਦੀਆਂ ਤਾਰਾਂ ਚੋਰੀ ਕਰਨ ਦੇ ਆਦੀ ਹਨ ਜੋ ਕਿ ਸਾਹਨੇਵਾਲ,ਰਾਮਗੜ੍ਹ ਅਤੇ ਕੂੰਮ ਕਲਾਂ ਦੇ ਏਰੀਏ ਵਿਚੋ ਮੋਟਰਾਂ ਤੋਂ ਬਿਜਲੀ ਦੀਆਂ ਤਾਰਾਂ ਚੋਰੀ ਕਰਦੇ ਹਨ ਜੋ ਇਹ ਤਾਰਾਂ ਚੋਰੀ ਕਰਕੇ ਉਹਨਾਂ ਨੂੰ ਸਾੜ ਕੇ ਉਹਨਾਂ ਵਿਚੋ ਤਾਂਬਾ ਕੱਢ ਕੇ ਵੇਚਦੇ ਹਨ। ਇਹਨਾਂ ਦੇ ਖਿਲਾਫ ਥਾਣਾ ਕੂੰਮ ਕਲਾਂ ਲੁਧਿਆਣਾ ਵਿੱਚ ਮੁਕੱਦਮਾ ਨੰਬਰ 26 ਮਿਤੀ 14-02-2026 ਨੂੰ ਜੁਰਮ ਧਾਰਾ 303(2), 317(2) BNS ਤਹਿਤ ਦਰਜ ਰਜਿਸਟਰ ਕੀਤਾ ਗਿਆ ਦੋਸ਼ੀ ਸੁਖਵਿੰਦਰ ਸਿੰਘ ਪੁੱਤਰ ਨਿਰਮਲ ਸਿੰਘ, ਗੋਲਡੀ ਸਿੰਘ ਪੁੱਤਰ ਸਤਰੰਗ ਸਿੰਘ ਅਤੇ ਸਤਬੀਰ ਸਿੰਘ ਪੁੱਤਰ ਅਜੀਤ ਸਿੰਘ ਨੇ ਮੁਕੱਦਮੇ ਦੀ ਪੁੱਛਗਿੱਛ ਦੌਰਾਨ ਇਹ ਵੀ ਮੰਨਿਆ ਕਿ ਇਹ ਗਿਰੋਹ ਬਿਜਲੀ ਦੀਆਂ ਤਾਰਾਂ ਚੋਰੀ ਕਰਕੇ ਉਹਨਾਂ ਵਿਚੋ ਤਾਂਬਾ ਕੱਢ ਕੇ ਫੇਰੀ ਵਾਲੇ ਕਬਾੜੀਆ ਨੂੰ ਵੇਚ ਦਿੰਦੇ ਸਨ ਅਤੇ ਉਹਨਾਂ ਪੈਸਿਆ ਦਾ ਨਸ਼ਾ ਕਰ ਲੈਂਦੇ ਸਨ ਦੋਸੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਿਲ ਕਰਕੇ ਹੋਰ ਵੀ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ ਜਿਸਤੋ ਹੋਰ ਅਹਿਮ ਖੁਲਾਸੇ ਹੋਣ ਦੀ ਉਮੀਦ ਹੈ।

# ਪ੍ਰਵਾਸੀ ਮਜ਼ਦੂਰਾਂ ਉਤੇ ਗੋਲੀ ਚਲਾਉਣ ਵਾਲੇ ਮੁਲਜ਼ਮਾਂ ਦਾ ਐਨਕਾਊਂਟਰ

ਜ਼ਿਕਰ ਪੰਜਾਬ

**ਮੋਗਾ** : ਮੋਗਾ ਪੁਲਿਸ ਨੇ 10 ਫਰਵਰੀ ਨੂੰ 2 ਪਰਵਾਸੀ ਮਜ਼ਦੂਰਾਂ 'ਤੇ ਗੋਲੀਆਂ ਚਲਾਉਣ ਵਾਲੇ 2 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਕਾਰਵਾਈ ਦੌਰਾਨ ਇੱਕ ਮੁਲਜ਼ਮ ਗੋਲੀ ਲੱਗਣ ਕਾਰਨ ਜ਼ਖਮੀ ਹੋ ਗਿਆ। ਜ਼ਖਮੀ ਹੋਏ ਮੁਲਜ਼ਮ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਪੁਲਿਸ ਵੱਲੋਂ ਦੂਜੇ ਮੁਲਜ਼ਮ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਇਹ ਕਾਰਵਾਈ ਮੋਗਾ ਪੁਲਿਸ ਅਤੇ ਸੀਆਈਏ ਸਟਾਫ ਦੁਆਰਾ ਸਾਂਝੇ ਤੌਰ 'ਤੇ ਕੀਤੀ ਗਈ ਹੈ। ਦੱਸ ਦਈਏ ਕਿ 10 ਫਰਵਰੀ ਨੂੰ ਮੋਗਾ ਦੇ ਜੀਰਾ ਰੋਡ 'ਤੇ ਸੈਲਰ ਵਿੱਚ ਖਾਣਾ ਖਾਣ ਲਈ ਜਾ ਰਹੇ ਪਰਵਾਸੀ ਮਜ਼ਦੂਰਾਂ 'ਤੇ ਮੋਟਰਸਾਈਕਲ ਸਵਾਰਾਂ ਵੱਲੋਂ ਫਾਇਰਿੰਗ ਕੀਤੀ ਗਈ ਸੀ। ਬਿਹਾਰ ਦੇ ਇਹ ਦੋਵੇਂ ਮਜ਼ਦੂਰ ਮੋਗਾ ਦੀ ਇੱਕ ਫੈਕਟਰੀ ਵਿੱਚ ਕੰਮ ਕਰਦੇ ਹਨ ਅਤੇ ਇਹ ਦੋਵੇਂ ਹੀ ਦੁਪਹਿਰ ਦਾ ਖਾਣਾ ਖਾਣ ਜਾ ਰਹੇ ਸਨ ਕਿ ਪਿੱਛੋਂ ਆਏ ਮੋਟਰਸਾਇਕਲ ਸਵਾਰ ਨੌਜਵਾਨਾਂ ਨੇ ਇਨ੍ਹਾਂ ਉਪਰ ਗੋਲੀਆਂ ਚਲਾ ਦਿੱਤੀਆਂ ਸੀ। ਇਸ ਘਟਨਾ ਤੋਂ ਬਾਅਦ ਪੁਲਿਸ ਨੇ ਮਾਮਲਾ ਦਰਜ ਕਰ ਲਿਆ ਸੀ ਅਤੇ ਮੁਲਜ਼ਮਾਂ ਦੀ ਭਾਲ ਕਰ ਰਹੀ ਸੀ। ਐਸਐਸਪੀ ਅਜੇ ਗਾਂਧੀ ਨੇ ਦੱਸਿਆ ਕਿ 10 ਫਰਵਰੀ ਦੀ ਘਟਨਾ ਤੋਂ ਬਾਅਦ ਤੋਂ ਹੀ ਪੁਲਿਸ ਮੁਲਜ਼ਮਾਂ ਦੀ ਭਾਲ ਕਰ ਰਹੀ ਸੀ। ਉਨ੍ਹਾਂ ਕਿਹਾ ਕਿ ਸਾਡੀ ਟੀਮ ਨੂੰ ਸੂਚਨਾ ਮਿਲੀ ਸੀ ਕਿ ਉਹ ਮੁਲਜ਼ਮ ਘੱਲ ਕਲਾਂ ਇਲਾਕੇ ਵਿੱਚ ਘੁੰਮ ਰਹੇ ਹਨ ਅਤੇ ਕਿਸੇ ਹੋਰ ਵਾਰਦਾਤ ਨੂੰ ਅੰਜਾਮ ਦੇ ਸਕਦੇ ਹਨ। ਜਦੋਂ ਪੁਲਿਸ ਟੀਮ ਉਨ੍ਹਾਂ ਨੂੰ ਫੜਨ ਲਈ ਪਹੁੰਚੀ ਤਾਂ ਪੁਲਿਸ ਟੀਮ ਨੇ ਉਨ੍ਹਾਂ ਨੂੰ ਰੁਕਣ ਦੀ ਇਸ਼ਾਰਾ ਕੀਤਾ ਤਾਂ ਮੁਲਜ਼ਮਾਂ ਨੇ ਰੁਕਣ ਦੀ ਬਜਾਏ ਪੁਲਿਸ 'ਤੇ ਗੋਲੀਆਂ ਚਲਾ ਦਿੱਤੀਆਂ। ਜਿਸ ਤੋਂ ਬਾਅਦ ਜਵਾਬੀ ਕਾਰਵਾਈ ਕਰਨੀ ਪਈ, ਇਸ ਗੋਲੀਬਾਰੀ ਵਿੱਚ ਇੱਕ ਮੁਲਜ਼ਮ ਜਿਸਦੀ ਪਛਾਣ ਜੋਬਨਪ੍ਰੀਤ ਵਜੋਂ ਹੋਈ ਹੈ, ਉਸ ਦੀ ਲੱਤ ਵਿੱਚ ਗੋਲੀ ਲੱਗੀ ਅਤੇ ਉਹ ਜ਼ਖਮੀ ਹੋ ਗਿਆ। ਦੂਜੇ ਮੁਲਜ਼ਮ ਆਕਾਸ਼ਦੀਪ, ਨੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਨੇ ਉਸ ਨੂੰ ਵੀ ਕਾਬੂ ਕਰ ਲਿਆ। ਪੁਲਿਸ ਨੇ ਵਾਰਦਾਤ ਵਿੱਚ ਵਰਤਿਆ ਗਿਆ ਮੋਟਰਸਾਈਕਲ ਅਤੇ ਹਥਿਆਰ ਵੀ ਬਰਾਮਦ ਕਰ ਲਿਆ ਹੈ। ਇਸ ਤੋਂ ਅੱਗੇ ਐਸਐਸਪੀ ਅਜੇ ਗਾਂਧੀ ਨੇ ਦੱਸਿਆ ਕਿ ਇਨ੍ਹਾਂ ਦੋਵਾਂ ਮੁਲਜ਼ਮਾਂ ਨੇ ਪ੍ਰਵਾਸੀਆਂ 'ਤੇ ਗੋਲੀਆਂ ਚਲਾਈਆਂ ਸੀ। ਉਹ ਇੱਕ ਵਿਦੇਸ਼ੀ ਹੈਂਡਲਰ ਦੇ ਇਸ਼ਾਰੇ 'ਤੇ ਪੰਜਾਬ ਦੇ ਮਾਹੌਲ ਨੂੰ ਵਿਗਾੜਨ ਦੀ ਕੋਸ਼ਿਸ਼ ਕਰ ਰਹੇ ਸਨ। ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਇਸ ਮਾਮਲੇ ਵਿੱਚ ਹੋਰ ਮੁਲਜ਼ਮਾਂ ਦੀ ਸ਼ਮੂਲੀਅਤ ਦੀ ਵੀ ਜਾਂਚ ਕਰ ਰਹੀ ਹੈ।



# ਲੁਧਿਆਣਾ ਪੁਲਿਸ ਵੱਲੋਂ ਮਜ਼ਬੂਤ ਭਾਈਚਾਰਕ ਸਾਂਝ ਲਈ ਇਤਿਹਾਸਕ ਜਨਤਕ ਮੀਟਿੰਗ

## ਉੱਚ ਪੱਧਰੀ ਸੁਰੱਖਿਆ ਮੀਟਿੰਗ 'ਚ ਪਿੰਡ ਤੇ ਵਾਰਡ ਡਿਫੈਂਸ ਕਮੇਟੀਆਂ ਦੇ 1500 ਤੋਂ ਵੱਧ ਨੁਮਾਇੰਦਿਆਂ ਨੇ ਕੀਤੀ ਸ਼ਮੂਲੀਅਤ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**

ਭਾਈਚਾਰਕ ਪੁਲਿਸਿੰਗ ਦਾ ਇੱਕ ਵੱਡਾ ਪ੍ਰਦਰਸ਼ਨ ਕਰਦਿਆਂ, ਲੁਧਿਆਣਾ ਪੁਲਿਸ ਕਮਿਸ਼ਨਰੇਟ ਵੱਲੋਂ ਪੁਲਿਸ ਲਾਈਨਜ਼, ਲੁਧਿਆਣਾ ਵਿਖੇ ਕਾਨੂੰਨ ਲਾਗੂ ਕਰਨ ਵਾਲੀਆਂ ਸੰਸਥਾਵਾਂ ਅਤੇ ਸਥਾਨਕ ਨਿਵਾਸੀਆਂ ਵਿਚਕਾਰ ਪਾੜੇ ਨੂੰ ਖਤਮ ਕਰਨ ਲਈ ਇੱਕ ਇਤਿਹਾਸਕ ਜਨਤਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਬਹੁਤ ਹੀ ਸਕਾਰਾਤਮਕ ਅਤੇ ਸਹਿਯੋਗੀ ਮਾਹੌਲ ਵਿੱਚ ਹੋਏ ਇਸ ਸਮਾਗਮ ਵਿੱਚ ਸ਼ਹਿਰ ਦੇ ਜ਼ਮੀਨੀ ਪੱਧਰ ਦੇ ਸੁਰੱਖਿਆ ਨੈੱਟਵਰਕ ਦੇ 1,500 ਤੋਂ ਵੱਧ ਨੁਮਾਇੰਦਿਆਂ ਨੇ ਭਾਗ ਲਿਆ। ਇਸ ਮੀਟਿੰਗ ਦੀ ਪ੍ਰਧਾਨਗੀ ਕਮਿਸ਼ਨਰ ਪੁਲਿਸ ਸਵਪਨ ਸ਼ਰਮਾ ਆਈ.ਪੀ.ਐਸ. ਨੇ ਕੀਤੀ, ਜਿਨ੍ਹਾਂ ਦੇ ਨਾਲ ਵਧੀਕ ਪੁਲਿਸ ਕਮਿਸ਼ਨਰ ਰੁਪਿੰਦਰ ਸਿੰਘ ਆਈ.ਪੀ.ਐਸ. ਅਤੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ। ਇਕੱਠ ਵਿੱਚ ਮੁੱਖ ਤੌਰ 'ਤੇ 385 ਕਮੇਟੀਆਂ ਦੇ ਸਮਰਪਿਤ ਮੈਂਬਰ ਸ਼ਾਮਲ ਸਨ, ਜਿਨ੍ਹਾਂ ਵਿੱਚ ਵਿਲੇਜ ਡਿਫੈਂਸ ਕਮੇਟੀਆਂ (ਵੀ.ਡੀ.ਸੀ.) ਅਤੇ ਵਾਰਡ ਡਿਫੈਂਸ





ਕਮੇਟੀਆਂ (ਡਬਲਿਊ.ਡੀ.ਸੀ.) ਸ਼ਾਮਲ ਸਨ, ਜੋ ਕਿ ਅਪਰਾਧ ਵਿਰੁੱਧ ਇੱਕ ਸੰਯੁਕਤ ਮੋਰਚੇ ਨੂੰ ਦਰਸਾਉਂਦੇ ਹਨ। ਕਮਿਸ਼ਨਰ ਸਵਪਨ ਸ਼ਰਮਾ ਨੇ ਕਮੇਟੀਆਂ ਨੂੰ ਪੁਲਿਸ ਦੀਆਂ ਰਣਨੀਤਕ ਮੁਹਿੰਮਾਂ ਦੀ ਸਫਲਤਾ ਬਾਰੇ ਜਾਣਕਾਰੀ ਦਿੱਤੀ। ਇਸ ਵਿਸ਼ੇਸ਼ ਮੁਹਿੰਮ ਦੇ ਨਤੀਜੇ ਵਜੋਂ 232 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਭਾਰੀ ਮਾਤਰਾ ਵਿੱਚ ਨਾਜਾਇਜ਼ ਹਥਿਆਰ ਅਤੇ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ, ਜਿਸ ਨਾਲ ਸਥਾਨਕ ਅਪਰਾਧਿਕ ਗਿਰੋਹਾਂ ਨੂੰ ਕਰਾਰੀ ਸੱਟ ਵੱਜੀ ਹੈ। ਨਸ਼ਿਆਂ ਵਿਰੁੱਧ ਚੱਲ ਰਹੀ ਜੰਗ ਦੇ ਹਿੱਸੇ ਵਜੋਂ, ਇਸ ਮੁਹਿੰਮ ਨੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਚੇਨ ਨੂੰ ਤੋੜਨ 'ਤੇ ਧਿਆਨ ਦਿੱਤਾ ਹੈ। ਪੁਲਿਸ ਕਮਿਸ਼ਨਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਲੁਧਿਆਣਾ ਨੂੰ ਨਸ਼ਾ ਮੁਕਤ ਬਣਾਉਣ ਲਈ ਭਾਈਚਾਰਕ ਸੂਚਨਾ ਹੀ ਗੁਪਤ ਹਥਿਆਰ ਹੈ। ਇਹ ਪਹਿਲਕਦਮੀ ਵਿਸ਼ੇਸ਼ ਤੌਰ 'ਤੇ ਸੰਗਠਿਤ ਅਪਰਾਧ ਮਾਡਿਊਲਾਂ ਨੂੰ ਨਿਸ਼ਾਨਾ ਬਣਾਉਂਦੀ ਹੈ। ਅਧਿਕਾਰੀਆਂ ਨੇ ਗੈਂਗਸਟਰ ਨੈੱਟਵਰਕਾਂ ਨੂੰ ਖਤਮ ਕਰਨ ਦੇ ਸਕਾਰਾਤਮਕ ਪ੍ਰਭਾਵਾਂ ਬਾਰੇ ਚਰਚਾ ਕੀਤੀ ਅਤੇ ਦੱਸਿਆ ਕਿ ਇਹਨਾਂ ਕਾਰਵਾਈਆਂ ਨੇ ਜਬਰੀ ਵਸੂਲੀ ਅਤੇ ਸੜਕੀ ਹਿੰਸਾ ਦੇ ਖਤਰੇ ਨੂੰ ਕਾਫੀ ਹੱਦ ਤੱਕ ਘੱਟ ਕੀਤਾ ਹੈ। ਪੁਲਿਸ ਲਾਈਨਜ਼ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਪੁਲਿਸ ਕਮਿਸ਼ਨਰ ਨੇ ਕਿਹਾ ਕਿ ਵੀ.ਡੀ.ਸੀਜ ਅਤੇ ਡਬਲਿਊ.ਡੀ.ਸੀਜ ਫੋਰਸ ਦੀਆਂ ਅੱਖਾਂ ਅਤੇ ਕੰਨ ਹਨ। ਮੈਂਬਰਾਂ ਨੇ ਪੁਲਿਸ ਦੀ ਵਧੀ ਹੋਈ ਚੌਕਸੀ ਅਤੇ ਹਾਲ ਹੀ ਵਿੱਚ ਕੀਤੀਆਂ ਕਾਰਵਾਈਆਂ ਦੀ ਪ੍ਰਭਾਵਸ਼ੀਲਤਾ ਬਾਰੇ ਸਕਾਰਾਤਮਕ ਫੀਡਬੈਕ ਦਿੱਤੀ। ਇਹ ਸੈਸ਼ਨ ਸਿਰਫ਼ ਇੱਕ ਪਾਸੜ ਜਾਣਕਾਰੀ ਦੇਣ ਤੱਕ ਸੀਮਤ ਨਹੀਂ ਸੀ; ਇਸਨੇ ਸਰਗਰਮ ਸੁਣਵਾਈ ਲਈ ਇੱਕ ਮੰਚ ਵਜੋਂ ਕੰਮ ਕੀਤਾ। ਸੀਨੀਅਰ ਅਧਿਕਾਰੀ ਕਮੇਟੀ ਮੈਂਬਰਾਂ ਦੇ ਸੁਝਾਵਾਂ ਨੂੰ ਬੜੇ ਧਿਆਨ ਨਾਲ ਨੋਟ ਕਰਦੇ ਦੇਖੇ ਗਏ, ਜਿਸ ਵਿੱਚ ਸਥਾਨਕ ਬੀਟ-ਪੈਟਰੋਲਿੰਗ ਵਿੱਚ ਬਦਲਾਅ ਤੋਂ ਲੈ ਕੇ ਵੱਖ-ਵੱਖ ਵਾਰਡਾਂ ਵਿੱਚ ਸੁਰੱਖਿਆ ਨਾਲ ਜੁੜੀਆਂ ਖਾਸ ਚਿੰਤਾਵਾਂ ਸ਼ਾਮਲ ਸਨ। ਪੁਲਿਸ ਕਮਿਸ਼ਨਰ ਨੇ ਕਿਹਾ ਪੁਲਿਸ ਸਿਰਫ ਓਨੀ ਹੀ ਪ੍ਰਭਾਵਸ਼ਾਲੀ ਹੋ ਸਕਦੀ ਹੈ ਜਿੰਨਾ ਉਹ ਭਾਈਚਾਰਾ, ਜਿਸਦੀ ਉਹ ਸੇਵਾ ਕਰਦੀ ਹੈ। ਅੱਜ ਪੁਲਿਸ ਲਾਈਨਜ਼ ਵਿੱਚ ਹੋਇਆ ਇਕੱਠ ਇਸ ਗੱਲ ਦਾ ਸਬੂਤ ਹੈ ਕਿ ਲੁਧਿਆਣਾ ਦੇ ਲੋਕ ਅਪਰਾਧ ਵਿਰੁੱਧ ਸਾਡੀ ਲੜਾਈ ਵਿੱਚ ਬਰਾਬਰ ਦੇ ਭਾਈਵਾਲ ਹਨ। ਮੀਟਿੰਗ ਦੀ ਸਮਾਪਤੀ ਸਹਿਯੋਗ ਦੇ ਨਵੇਂ ਸੰਕਲਪ ਨਾਲ ਹੋਈ, ਜਿਸ ਨੇ ਇਹ ਯਕੀਨੀ ਬਣਾਇਆ ਕਿ ਵੀ.ਡੀ.ਸੀਜ ਅਤੇ ਡਬਲਿਊ.ਡੀ.ਸੀਜ ਢਾਂਚਾ ਲੁਧਿਆਣਾ ਪੁਲਿਸ ਦੀ ਸੁਰੱਖਿਆ ਰਣਨੀਤੀ ਦੀ ਰੀੜ੍ਹ ਦੀ ਹੱਡੀ ਬਣਿਆ ਰਹੇ।

●----- ਸ.ਫ਼ਾ 1 ਦਾ ਬਾਕੀ -----●

### ਪਾਕਿਸਤਾਨ ਨੂੰ 61 ਦੌੜਾਂ ਨਾਲ ਹਰਾ ਕੇ...

ਬੱਲੇਬਾਜ਼ੀ ਦੀ ਕਮਰ ਤੋੜ ਦਿੱਤੀ। ਇਸ ਤੋਂ ਪਹਿਲਾਂ ਪਾਕਿਸਤਾਨ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ ਸੀ। ਮੈਚ ਦੀ ਸ਼ੁਰੂਆਤ 'ਚ ਹੀ ਸਖ਼ਤ ਸੁਨੇਹਾ ਦਿੰਦਿਆਂ ਦੋਵਾਂ ਟੀਮਾਂ ਦੇ ਕਪਤਾਨਾਂ ਨੇ ਆਪਸ ਵਿੱਚ ਹੱਥ ਨਹੀਂ ਮਿਲਾਇਆ ਸੀ। ਇਹ ਫੈਸਲਾ ਪਹਿਲਗਾਮ ਅਤਿਵਾਦੀ ਹਮਲੇ ਦੇ ਵਿਰੋਧ ਵਿੱਚ ਲਿਆ ਗਿਆ ਸੀ। ਮੈਚ ਤੋਂ ਪਹਿਲਾਂ ਮਸ਼ਹੂਰ ਰੈਪਰ ਹਨੂਮਾਨਕਾਈਂਡ ਨੇ ਆਪਣੀ ਪਰਫਾਰਮੈਂਸ ਨਾਲ ਦਰਸ਼ਕਾਂ ਵਿੱਚ ਜੋਸ਼ ਭਰ ਦਿੱਤਾ, ਜਦੋਂਕਿ ਸਾਬਕਾ ਕਪਤਾਨ ਰੋਹਿਤ ਸ਼ਰਮਾ ਵੀ ਖ਼ੁਦ ਟੀਮ ਦਾ ਹੌਸਲਾ ਵਧਾਉਣ ਸਟੇਡੀਅਮ ਪਹੁੰਚੇ ਸਨ। ਟੀਮ ਇੰਡੀਆ ਨੇ ਕੋਲੰਬੋ ਦੇ ਆਰ. ਪ੍ਰੇਮਦਾਸਾ ਸਟੇਡੀਅਮ ਵਿੱਚ ਪਾਕਿਸਤਾਨ ਵਿਰੁੱਧ ਇੱਕ ਵੱਡਾ ਰਿਕਾਰਡ ਬਣਾਇਆ। ਭਾਰਤ ਨੇ ਟੀ-20 ਵਿਸ਼ਵ ਕੱਪ ਦੇ ਇਤਿਹਾਸ ਵਿੱਚ ਪਾਕਿਸਤਾਨ ਵਿਰੁੱਧ ਸਭ ਤੋਂ ਵੱਧ ਸਕੋਰ ਬਣਾਇਆ। ਇਸ ਤੋਂ ਪਹਿਲਾਂ, ਟੀ-20 ਵਿਸ਼ਵ ਕੱਪ ਵਿੱਚ ਭਾਰਤ ਦਾ ਪਾਕਿਸਤਾਨ ਵਿਰੁੱਧ ਸਭ ਤੋਂ ਵੱਧ ਸਕੋਰ 160 ਸੀ, ਜੋ ਟੀਮ ਇੰਡੀਆ ਨੇ 2022 ਵਿੱਚ ਮੈਲਬੌਰਨ ਵਿੱਚ ਹਾਸਲ ਕੀਤਾ ਸੀ। ਉਸ ਮੈਚ ਵਿੱਚ, ਪਾਕਿਸਤਾਨ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ 159 ਦੌੜਾਂ ਬਣਾਈਆਂ, ਅਤੇ ਟੀਮ ਇੰਡੀਆ ਨੇ 160 ਦੌੜਾਂ ਬਣਾ ਕੇ ਮੈਚ ਜਿੱਤ ਲਿਆ। ਹੁਣ, ਭਾਰਤ ਨੇ ਇਸ ਮੈਚ ਵਿੱਚ ਉਹ ਰਿਕਾਰਡ ਤੋੜ ਦਿੱਤਾ ਹੈ।

### ਅਸੀਂ ਆਪਣੀਆਂ ਸ਼ਰਤਾਂ 'ਤੇ 38 ਦੇਸ਼ਾਂ ਨਾਲ...

ਐਕਸਪ੍ਰੈੱਸ' ਰਾਹੀਂ ਵਿਆਪਕ ਤਰੱਕੀ ਹਾਸਲ ਕੀਤੀ ਹੈ। ਰੱਖਿਆ ਬਜਟ ਵਿੱਚ ਕੀਤੇ ਗਏ ਵਾਧੇ ਦਾ ਜ਼ਿਕਰ ਕਰਦਿਆਂ ਪੀ.ਐੱਮ. ਮੋਦੀ ਨੇ ਕਿਹਾ ਕਿ ਮੌਜੂਦਾ ਹਾਲਾਤ ਅਨੁਸਾਰ ਰੱਖਿਆ ਬਲਾਂ ਦਾ ਆਧੁਨਿਕੀਕਰਨ ਕਰਨਾ ਸਰਕਾਰ ਦਾ ਮੁਢਲਾ ਫਰਜ਼ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਸਰਕਾਰ ਦੇਸ਼ ਦੀਆਂ ਫੌਜਾਂ ਨੂੰ ਮਜ਼ਬੂਤ ਕਰਨ ਲਈ ਹਰ ਸੰਭਵ ਕੋਸ਼ਿਸ਼ ਜਾਰੀ ਰੱਖੇਗੀ। ਪ੍ਰਧਾਨ ਮੰਤਰੀ ਨੇ ਦੱਸਿਆ ਕਿ ਯੂ. ਪੀ. ਆਈ. ਪਲੇਟਫਾਰਮ ਰਾਹੀਂ ਭਾਰਤ ਦੁਨੀਆ ਵਿੱਚ ਇੱਕ ਡਿਜੀਟਲ ਲੀਡਰ ਵਜੋਂ ਉੱਭਰਿਆ ਹੈ। ਉਨ੍ਹਾਂ ਭਵਿੱਖ ਦੀ ਯੋਜਨਾ ਬਾਰੇ ਕਿਹਾ ਕਿ ਭਾਰਤ ਕੰਪਿਊਟਿੰਗ ਸਮਰੱਥਾ ਅਤੇ ਡਾਟਾ ਸੈਂਟਰ ਇਨਫਰਾਸਟ?ਰਕਚਰ ਦਾ ਵਿਸਥਾਰ ਕਰਕੇ ਇੱਕ ਮਜ਼ਬੂਤ ਏ.ਆਈ. ਈਕੋਸਿਸਟਮ ਦੀ ਨੀਂਹ ਰੱਖ ਰਿਹਾ ਹੈ। ਉਨ੍ਹਾਂ ਨਿੱਜੀ ਖੇਤਰ ਨੂੰ ਅਪੀਲ ਕੀਤੀ ਕਿ ਉਹ ਸਿਰਫ਼ ਮੁਨਾਫ਼ੇ ਤੱਕ ਸੀਮਤ ਨਾ ਰਹਿਣ, ਸਗੋਂ ਖੋਜ ਅਤੇ ਵਿਕਾਸ, ਸਪਲਾਈ ਚੇਨ ਅਤੇ ਗੁਣਵੱਤਾ ਵਿੱਚ ਵਧੇਰੇ ਨਿਵੇਸ਼ ਕਰਨ।

### ਸਪੀਕਰ ਬਿਰਲਾ ਵਿਰੁੱਧ ਬੇਭਰੋਸਗੀ ਮਤੇ ਦੇ...

ਅਹਿਮ ਬਿੱਲ ਪਾਸ ਕਰਵਾ ਲਵੇਗੀ। ਰਿਜਿਜੂ ਅਨੁਸਾਰ ਸੈਸ਼ਨ ਦਾ ਦੂਜਾ ਪੜਾਅ ਬਹੁਤ ਦਿਲਚਸਪ ਰਹਿਣ ਵਾਲਾ ਹੈ। ਸਰਕਾਰ ਨੇ ਲੋਕ ਸਭਾ ਵਿੱਚ 5 ਮੰਤਰਾਲਿਆਂ ਅਤੇ ਰਾਜ ਸਭਾ ਵਿੱਚ 5 ਹੋਰ ਮੰਤਰਾਲਿਆਂ ਦੇ ਕੰਮਕਾਜ ਅਤੇ ਗ੍ਰਾਂਟਾਂ ਦੀਆਂ ਮੰਗਾਂ 'ਤੇ ਚਰਚਾ ਕਰਨ ਦੀ ਰਣਨੀਤੀ ਬਣਾਈ ਹੈ। ਗੌਰਤਲਬ ਹੈ ਕਿ ਵਿਰੋਧੀ ਧਿਰ ਨੇ 10 ਫਰਵਰੀ ਨੂੰ ਓਮ ਬਿਰਲਾ ਵਿਰੁੱਧ ਮਤਾ ਪੇਸ਼ ਕਰਦਿਆਂ ਨੋਟਿਸ ਦਿੱਤਾ ਸੀ ਜਿਸ 'ਤੇ 118 ਸੰਸਦ ਮੈਂਬਰਾਂ ਦੇ ਦਸਤਖਤ ਹਨ ਵਿਰੋਧੀ ਧਿਰ ਦਾ ਦੋਸ਼ ਹੈ ਕਿ ਸਪੀਕਰ ਦਾ ਵਤੀਰਾ ਪੱਖਪਾਤੀ ਰਿਹਾ ਹੈ ਅਤੇ ਉਨ੍ਹਾਂ ਨੂੰ ਸਦਨ ਵਿੱਚ ਆਪਣੀ ਗੱਲ ਰੱਖਣ ਦਾ ਪੂਰਾ ਮੌਕਾ ਨਹੀਂ ਦਿੱਤਾ ਜਾ ਰਿਹਾ। ਓਮ ਬਿਰਲਾ ਨੇ ਵੀ ਨੈਤਿਕਤਾ ਦੇ ਆਧਾਰ 'ਤੇ ਮਤੇ ਦਾ ਫੈਸਲਾ ਹੋਣ ਤੱਕ ਸਦਨ ਦੀ ਪ੍ਰਧਾਨਗੀ ਨਾ ਕਰਨ ਦਾ ਫੈਸਲਾ ਲਿਆ ਹੈ।

### ਅਮੀਰ ਅਧਿਆਤਮਿਕ ਅਤੇ ਸੱਭਿਆਚਾਰਕ...

ਸੰਭਾਲਣ ਅਤੇ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਵਸ ਮਨਾਉਣ ਤੋਂ ਲੈ ਕੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਮਨਾਉਣ ਤੱਕ ਪੰਜਾਬ ਆਪਣੀ ਸ਼ਾਨਦਾਰ ਵਿਰਾਸਤ ਨੂੰ ਮਾਣ ਅਤੇ ਸ਼ਰਧਾ ਨਾਲ ਸਤਿਕਾਰ ਦਿੰਦਾ ਰਹਿੰਦਾ ਹੈ। ਸੋਸ਼ਲ ਮੀਡੀਆ ਪਲੇਟਫ਼ਾਰਮ ਐਕਸ 'ਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 'ਅਸੀਂ ਸ੍ਰੀ ਰਣਕੇਸ਼ਵਰ ਮਹਾਦੇਵ ਮੰਦਰ ਵਿੱਚ ਮੱਥਾ ਟੇਕਿਆ ਅਤੇ ਸੂਬੇ ਦੀ ਸ਼ਾਂਤੀ, ਤਰੱਕੀ ਅਤੇ ਖ਼ੁਸ਼ਹਾਲੀ ਲਈ ਪ੍ਰਾਰਥਨਾ ਕੀਤੀ।' ਉਨ੍ਹਾਂ ਕਿਹਾ, 'ਮਹਾਸ਼ਿਵਰਾਤਰੀ ਦੇ ਸ਼ੁਭ ਮੌਕੇ ਅਸੀਂ ਸਿੱਧ ਪੀਠ ਵਿੱਚ ਪੂਜਾ ਕੀਤੀ ਅਤੇ ਲੋਕਾਈ ਦੀ ਭਲਾਈ ਲਈ ਪ੍ਰਾਰਥਨਾ ਕੀਤੀ।' ਇਸ ਸਥਾਨ ਨੂੰ ਭਾਰਤ ਦੀ ਮਹਾਂਕਾਵਿ ਵਿਰਾਸਤ ਨਾਲ ਜੋੜਦੇ ਹੋਏ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 'ਇਹ ਸਥਾਨ ਭਾਰਤ ਦੇ ਮਹਾਨ ਮਹਾਂਕਾਵਾਂ ਵਿੱਚੋਂ ਇੱਕ ਨਾਲ ਸਬੰਧਤ ਹੈ, ਜਿਸ ਨਾਲ ਇਸ ਨੂੰ ਡੂੰਘੀ ਮਿਥਿਹਾਸਕ ਅਤੇ ਇਤਿਹਾਸਕ ਪਛਾਣ ਮਿਲਦੀ ਹੈ। ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਤਿਉਹਾਰ ਭਗਵਾਨ ਸ਼ਿਵ ਅਤੇ ਮਾਤਾ ਪਾਰਵਤੀ ਦੇ ਬ੍ਰਹਮ ਮਿਲਾਪ ਦੀ ਯਾਦ ਦਿਵਾਉਂਦਾ ਹੈ ਅਤੇ ਅਧਿਆਤਮਿਕ ਜਾਗ੍ਰਿਤੀ ਅਤੇ ਸਵੈ-ਅਨੁਸ਼ਾਸਨ ਦਾ ਪ੍ਰਤੀਕ ਹੈ।"

ਉਨ੍ਹਾਂ ਅੱਗੇ ਕਿਹਾ, "ਇੰਨੀ ਇਤਿਹਾਸਕ ਤੌਰ 'ਤੇ ਮਹੱਤਵਪੂਰਨ ਤਪਸਥਲੀ 'ਤੇ ਮਹਾਸ਼ਿਵਰਾਤਰੀ ਮਨਾਉਣਾ ਪੁਰਾਣੇ ਰੀਤੀ-ਰਿਵਾਜਾਂ ਅਤੇ ਵਿਸ਼ਵਾਸ ਦੀ ਨਿਰੰਤਰਤਾ ਨੂੰ ਮਜ਼ਬੂਤ ਕਰਦਾ ਹੈ।"ਉਨ੍ਹਾਂ ਕਿਹਾ, "ਸ੍ਰੀ ਰਣਕੇਸ਼ਵਰ ਮਹਾਦੇਵ ਵਿਖੇ ਸਾਲਾਨਾ ਜਸ਼ਨ ਇਸ ਨੂੰ ਵਿਸਾਰੇ ਹੋਏ ਸਮਾਰਕ ਦੀ ਬਜਾਏ ਇੱਕ ਜੀਵੰਤ ਵਿਰਾਸਤੀ ਸਥਾਨ ਵਜੋਂ ਸੁਰੱਖਿਅਤ ਰੱਖਣ ਵਿੱਚ ਮਦਦ ਕਰਦੇ ਹਨ। ਵਿਰਾਸਤ ਦੀ ਸੰਭਾਲ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਜ਼ਾਹਰ ਕਰਦਿਆਂ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਨੇ ਕਿਹਾ, "ਸੂਬਾ ਸਰਕਾਰ ਪਹਿਲਾਂ ਹੀ ਨੌਜਵਾਨ ਪੀੜ੍ਹੀਆਂ ਨੂੰ ਸ਼ਾਨਦਾਰ ਸੱਭਿਆਚਾਰਕ ਵਿਰਾਸਤ ਨਾਲ ਜੋੜਨ ਲਈ ਸਖ਼ਤ ਮਿਹਨਤ ਕਰ ਰਹੀ ਹੈ।"ਉਨ੍ਹਾਂ ਕਿਹਾ, "ਸੂਬਾ ਸਰਕਾਰ ਪਹਿਲਾਂ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਬੇਮਿਸਾਲ ਢੰਗ ਨਾਲ ਮਨਾ ਚੁੱਕੀ ਹੈ।"ਉਨ੍ਹਾਂ ਅੱਗੇ ਕਿਹਾ, "ਹੁਣ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਵੀ ਬੇਮਿਸਾਲ ਢੰਗ ਨਾਲ ਮਨਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ।"ਅੰਤ ਵਿੱਚ ਉਨ੍ਹਾਂ ਕਿਹਾ, "ਸੂਬਾ ਸਰਕਾਰ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੂਬੇ ਦੀ ਅਮੀਰ ਸੱਭਿਆਚਾਰਕ ਵਿਰਾਸਤ ਤੋਂ ਜਾਣੂ ਕਰਵਾਇਆ ਜਾਵੇ।

### ਹੋਲਾ ਮਹੱਲਾ 'ਤੇ ਮੁੜ ਸ਼ੁਰੂ ਹੋਣਗੀਆਂ...

ਦਲੀਲ ਦਿੱਤੀ ਕਿ ਹੋਲਾ-ਮਹੱਲਾ ਦੀਆਂ ਜੜ੍ਹਾਂ ਖ਼ੁਦ ਸਿੱਖ ਇਤਿਹਾਸ ਦੀ ਸਿਆਸਤ ਨਾਲ ਜੁੜੀਆਂ ਹੋਈਆਂ ਹਨ। ਹੁਣ ਤੱਕ ਕਿਸੇ ਹੋਰ ਪਾਰਟੀ (ਆਪ, ਕਾਂਗਰਸ ਜਾਂ ਬਾਦਲ ਦਲ) ਨੇ ਅਜਿਹੀ ਕੋਈ ਰੈਲੀ ਕਰਨ ਦਾ ਐਲਾਨ ਨਹੀਂ ਕੀਤਾ ਹੈ ਇਸ ਸਾਲ ਹੋਲਾ-ਮਹੱਲਾ 27 ਫਰਵਰੀ ਤੋਂ 3 ਮਾਰਚ ਤੱਕ ਮਨਾਇਆ ਜਾਵੇਗਾ, ਜਿਸ ਵਿੱਚ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਪਹੁੰਚਦੇ ਹਨ। ਦਹਾਕਿਆਂ ਤੋਂ ਪਾਰਟੀਆਂ ਇਸ ਇਕੱਠ ਦੀ ਵਰਤੋਂ ਪੰਥਕ ਅਤੇ ਸੂਬੇ ਦੇ ਮੁੱਦਿਆਂ 'ਤੇ ਆਪਣੇ ਏਜੰਡੇ ਸਾਂਝੇ ਕਰਨ ਲਈ ਕਰਦੀਆਂ ਆਈਆਂ ਹਨ। ਹੁਣ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਅਕਾਲੀ ਦਲ (ਪੁਨਰ ਸੁਰਜੀਤ) ਦੇ ਇਸ ਕਦਮ ਤੋਂ ਬਾਅਦ ਕੀ ਬਾਕੀ ਪਾਰਟੀਆਂ ਵੀ ਆਪਣਾ ਫੈਸਲਾ ਬਦਲਦੀਆਂ ਹਨ ਜਾਂ ਨਹੀਂ।

### ਭਾਰਤ-ਅਮਰੀਕਾ ਵਪਾਰ ਸਮਝੌਤਾ ਭਾਰਤੀ...

ਨੀਤੀਆਂ, MSP, ਆਦਿ) ਨੂੰ ਹਟਾਉਣ ਦਾ ਹਵਾਲਾ ਦਿੰਦਾ ਹੈ। ਕੀ ਭਵਿੱਖ ਵਿੱਚ ਭਾਰਤ 'ਤੇ GM ਫਸਲਾਂ ਨੂੰ ਸਵੀਕਾਰ ਕਰਨ, MSP ਘਟਾਉਣ, ਜਾਂ ਸਰਕਾਰੀ ਖਰੀਦ ਘਟਾਉਣ ਲਈ ਦਬਾਅ ਪਾਇਆ ਜਾਵੇਗਾ?

ਇੱਕ ਵਾਰ ਇਹ ਸ਼ੁਰੂ ਹੋਣ ਤੋਂ ਬਾਅਦ, ਹਰ ਸਾਲ ਹੋਰ ਫਸਲਾਂ ਨੂੰ ਸ਼ਾਮਲ ਕਰਨ ਦਾ ਦਬਾਅ ਹੋਵੇਗਾ। ਕੀ ਇਸ 'ਤੇ ਕੋਈ ਜਾਂਚ ਹੋਵੇਗੀ, ਜਾਂ ਕੀ ਭਾਰਤ ਦੀ ਪੂਰੀ ਖੇਤੀਬਾੜੀ ਹੌਲੀ-ਹੌਲੀ ਅਮਰੀਕੀ ਪ੍ਰਭਾਵ ਹੇਠ ਆ ਜਾਵੇਗੀ? ਰਾਹੁਲ ਗਾਂਧੀ ਨੇ ਮੋਦੀ ਸਰਕਾਰ 'ਤੇ ਭਾਰਤ-ਅਮਰੀਕਾ ਅੰਤਰਿਮ ਵਪਾਰ ਸਮਝੌਤੇ ਵਿੱਚ ਟੈਰਿਫ ਪ੍ਰਬੰਧਾਂ ਬਾਰੇ ਦੇਸ਼ ਨੂੰ ਗੁੰਮਰਾਹ ਕਰਨ ਦਾ ਦੋਸ਼ ਲਗਾਇਆ, ਦਾਅਵਾ ਕੀਤਾ ਕਿ ਇਹ ਸਮਝੌਤਾ ਭਾਰਤ ਦੇ ਕਪਾਹ ਕਿਸਾਨਾਂ ਅਤੇ ਕੱਪੜਾ ਨਿਰਯਾਤਕਾਂ 'ਤੇ ਮਾੜਾ ਪ੍ਰਭਾਵ ਪਾਵੇਗਾ। ਵਣਜ ਮੰਤਰਾਲੇ ਨੇ ਇਨ੍ਹਾਂ ਇਲਜ਼ਾਮਾਂ ਨੂੰ ਰੱਦ ਕਰਦੇ ਹੋਏ ਕਿਹਾ ਹੈ ਕਿ ਇਹ ਸਮਝੌਤਾ ਭਾਰਤੀ ਨਿਰਯਾਤ ਨੂੰ ਵਧਾਏਗਾ ਅਤੇ ਕਿਸਾਨਾਂ ਦੇ ਹਿੱਤਾਂ ਨਾਲ ਸਮਝੌਤਾ ਨਹੀਂ ਕੀਤਾ ਗਿਆ ਹੈ।

### ਸ੍ਰੀ ਗੁਰੂ ਰਵਿਦਾਸ ਜੀ ਤੇ ਪੰਜਾਬ ਦੇ ਵੱਖ-ਵੱਖ...

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਤੇ ਉਨ੍ਹਾਂ ਦੇ ਜੀਵਨ 'ਤੇ ਅਧਾਰਿਤ ਹੋਵੇਗਾ। ਇਹ ਸੈਮੀਨਾਰ ਕਰਾਉਣ ਲਈ ਲੁਧਿਆਣਾ ਦੇ ਪ੍ਰੇਮ ਨਗਰ ਦੀ ਘੁਮਿਆਰ ਮੰਡੀ ਵਿਚ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿਚ ਗੁਰਨਾਮ ਸਿੰਘ ਅਕੀਦਾ ਪਟਿਆਲਾ, ਸੋਮ ਨਾਥ ਚੌਧਰੀ ਪਟਿਆਲਾ, ਸਾਬਕਾ ਸਰਪੰਚ ਭਿੰਦਰ ਸਿੰਘ ਰਤਨਹੇੜੀ ਖੰਨਾ, ਉੱਘੇ ਦਲਿਤ ਚਿੰਤਕ ਪ੍ਰਿੰ ਡਾ. ਗੁਰਮੀਤ ਕੱਲਰ ਮਾਜਰੀ, ਸਵਰਨ ਸਿੰਘ ਪੀਏਯੂ ਲੁਧਿਆਣਾ, ਬਲਬੀਰ ਸਿੰਘ ਖ਼ਾਲਸਾ ਲੁਧਿਆਣਾ, ਜਸਵੀਰ ਸਿੰਘ ਪਮਾਲੀ, ਐੱਸ ਸੀ ਬੀ ਸੀ ਟੀਚਰ ਯੂਨੀਅਨ ਪੰਜਾਬ ਦੇ ਸਾਬਕਾ ਪ੍ਰਧਾਨ ਬਲਜੀਤ ਸਿੰਘ ਸਲਾਣਾ ਆਦਿ ਨੇ ਸ਼ਮੂਲੀਅਤ ਕੀਤੀ। ਇਸ ਵਿਚ ਫ਼ੈਸਲਾ ਕੀਤਾ ਗਿਆ ਕਿ ਲੁਧਿਆਣਾ ਵਿਚ ਹੋਣ ਵਾਲੇ ਪਹਿਲੇ ਸੈਮੀਨਾਰ ਵਿਚ ਦੋ ਪਰਚੇ ਪੜ੍ਹੇ ਜਾਣਗੇ ਉਸ ਪੇਪਰ ਦੇ ਵਿਚਾਰ ਚਰਚਾ ਸ਼ੁਰੂ ਕਰਾਉਣ ਲਈ ਤੇ ਪੇਪਰ ਤੇ ਚਰਚਾ ਸੰਪੰਨ ਕਰਾਉਣ ਲਈ ਦੋ ਪੇਪਰ ਛੋਟੇ ਪੜ੍ਹੇ ਜਾਣਗੇ। ਇਸ ਤੋਂ ਇਲਾਵਾ ਸਵਾਲ ਜਵਾਬ ਵੀ ਹੋਣਗੇ। ਇਸ ਸੈਮੀਨਾਰ ਦੇ ਮੁੱਖ ਮਹਿਮਾਨ ਡਾ. ਸੁਰਜੀਤ ਸਿੰਘ ਜਨਰਲ ਮੈਨੇਜਰ ਕੈਟਲ ਫੀਡ ਵੇਰਕਾ ਪਲਾਂਟ ਖੰਨਾ ਤੇ ਵਿਸ਼ੇਸ਼ ਮਹਿਮਾਨ ਦਲਜੀਤ ਸਿੰਘ ਜੀ ਐੱਮ ਵੇਰਕਾ ਮਿਲਕ ਪਲਾਂਟ ਲੁਧਿਆਣਾ ਹੋਣਗੇ। ਇਸ ਸੈਮੀਨਾਰ ਦੇ ਵਡਮੁੱਲੇ ਵਿਚਾਰਾਂ ਨੂੰ ਸੁਣਨ ਲਈ ਹਰ ਧਰਮ ਦਾ ਤੇ ਹਰ ਜਾਤ ਦਾ ਵਿਅਕਤੀ ਸੈਮੀਨਾਰ ਵਿਚ ਸ਼ਾਮਲ ਹੋ ਸਕਦਾ ਹੈ।

### 22 ਅਪ੍ਰੈਲ ਨੂੰ ਖੁੱਲ੍ਹਣਗੇ ਕੇਦਾਰਨਾਥ ਮੰਦਰ...

18 ਅਪ੍ਰੈਲ ਨੂੰ ਬਾਬਾ ਕੇਦਾਰਨਾਥ ਦੇ ਸਰਦੀਆਂ ਦੇ ਸਥਾਨ ਓਂਕਾਰੇਸ਼ਵਰ ਮੰਦਰ ਵਿਖੇ ਭੈਰਵ ਪੂਜਾ ਨਾਲ ਸ਼ੁਰੂ ਹੋਵੇਗੀ। ਡੋਲੀ 19 ਅਪ੍ਰੈਲ ਨੂੰ ਓਂਕਾਰੇਸ਼ਵਰ ਮੰਦਰ ਤੋਂ ਰਵਾਨਾ ਹੋਵੇਗੀ ਅਤੇ ਫਾਟਾ ਪਹੁੰਚੇਗੀ। 20 ਤਰੀਕ ਨੂੰ ਗੌਰੀਕੁੰਡ ਵਿਖੇ ਆਖਰੀ ਰਾਤ ਬਿਤਾਉਣ ਤੋਂ ਬਾਅਦ, ਡੋਲੀ 21 ਅਪ੍ਰੈਲ ਨੂੰ ਕੇਦਾਰਨਾਥ ਪਹੁੰਚੇਗੀ। ਬਾਬਾ ਕੇਦਾਰਨਾਥ ਦੇ ਕਪਾਟ ਆਮ ਲੋਕਾਂ ਲਈ 22 ਅਪ੍ਰੈਲ ਨੂੰ ਸਵੇਰੇ 8 ਵਜੇ ਵ੍ਰਸ਼ ਚੜ੍ਹਤ ਦੌਰਾਨ ਖੋਲ੍ਹੇ ਜਾਣਗੇ। ਕੇਦਾਰਨਾਥ ਧਾਮ ਨੂੰ ਬਾਰਾਂ ਜਯੋਤੀਲਿੰਗਾਂ ਵਿੱਚੋਂ ਗਿਆਰ੍ਹਵੇਂ ਜਯੋਤੀਲਿੰਗ ਵਜੋਂ ਪੂਜਿਆ ਜਾਂਦਾ ਹੈ। ਗਰਮੀਆਂ ਦੇ ਛੇ ਮਹੀਨਿਆਂ ਦੌਰਾਨ, ਮਨੁੱਖ ਭਗਵਾਨ ਕੇਦਾਰਨਾਥ ਦੀ ਪੂਜਾ ਕਰਦੇ ਹਨ, ਜਦੋਂ ਕਿ ਸਰਦੀਆਂ ਦੇ ਛੇ ਮਹੀਨਿਆਂ ਦੌਰਾਨ, ਦੇਵਤੇ ਉਨ੍ਹਾਂ ਦੀ ਪੂਜਾ ਕਰਦੇ ਹਨ। ਕੇਦਾਰਨਾਥ ਧਾਮ ਉੱਤਰਾਖੰਡ ਦੇ ਚਾਰ ਧਾਮਾਂ ਵਿੱਚੋਂ ਇੱਕ ਹੈ ਅਤੇ ਪੰਚ ਕੇਦਾਰਾਂ ਵਿੱਚੋਂ ਪਹਿਲੇ ਕੇਦਾਰ ਵਜੋਂ ਪੂਜਿਆ ਜਾਂਦਾ ਹੈ। ਸਰਦੀਆਂ ਦੌਰਾਨ, ਕੇਦਾਰਨਾਥ ਧਾਮ ਵਿੱਚ ਬਰਫ਼ਬਾਰੀ ਤੋਂ ਬਾਅਦ, ਕਪਾਟ ਛੇ ਮਹੀਨਿਆਂ ਲਈ ਬੰਦ ਕਰ ਦਿੱਤੇ ਜਾਂਦੇ ਹਨ, ਅਤੇ ਸਰਦੀਆਂ ਦੀ ਪੂਜਾ ਸਰਦੀਆਂ ਦੇ ਆਸਣ, ਓਂਕਾਰੇਸ਼ਵਰ ਮੰਦਰ, ਉਖੀਮਠ ਵਿਖੇ ਕੀਤੀ ਜਾਂਦੀ ਹੈ। ਭਗਵਾਨ ਕੇਦਾਰਨਾਥ ਦਾ ਸ਼ਾਨਦਾਰ ਮੰਦਰ ਮੇਰੂ-ਸੁਮੇਰੂ ਪਹਾੜਾਂ ਦੀਆਂ ਤਲਹਟੀਆਂ ਦੇ ਵਿਚਕਾਰ ਮੰਦਾਕਿਨੀ ਨਦੀ ਦੇ ਕੰਢੇ ਸਥਿਤ ਹੈ। ਇਹ ਮੰਨਿਆ ਜਾਂਦਾ ਹੈ ਕਿ ਦਵਾਪਰ ਯੁਗ ਦੌਰਾਨ, ਪਾਂਡਵ ਆਪਣੇ ਵੰਸ਼ ਨੂੰ ਮਾਰਨ ਦੇ ਪਾਪਾਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਕੇਦਾਰਨਾਥ ਆਏ ਸਨ। ਭਗਵਾਨ ਸ਼ਿਵ ਉਨ੍ਹਾਂ ਦੇ ਸਾਹਮਣੇ ਮੱਝ ਦੇ ਰੂਪ ਵਿੱਚ ਪ੍ਰਗਟ ਹੋਏ ਸਨ। ਇਸ ਤੋਂ ਬਾਅਦ, ਪਾਂਡਵਾਂ ਨੇ ਕੇਦਾਰਨਾਥ ਦੇ ਰੂਪ ਵਿੱਚ ਭਗਵਾਨ ਸ਼ਿਵ ਦਾ ਇੱਕ ਜੋਤਿਰਲਿੰਗ ਸਥਾਪਿਤ ਕੀਤਾ। ਭਗਵਾਨ ਸ਼ਿਵ ਦਾ ਇੱਕ ਤਿਕੋਣਾ ਸ਼ਿਵਲਿੰਗ ਮੰਦਰ ਦੇ ਗਰਭ ਗ੍ਰਹਿ ਦੇ ਅੰਦਰ ਸਥਿਤ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਇਹ ਜੋਤਿਰਲਿੰਗ ਸਤਯ ਯੁਗ ਦਾ ਹੈ, ਜਿੱਥੇ ਨਾਰ ਅਤੇ ਨਾਰਾਇਣ ਨੇ ਭਗਵਾਨ ਕੇਦਾਰਨਾਥ ਦੀ ਤਪੱਸਿਆ ਕੀਤੀ ਸੀ। ਕੇਦਾਰਨਾਥ ਧਾਮ ਮੰਦਾਕਿਨੀ ਨਦੀ ਦਾ ਸਰੋਤ ਵੀ ਹੈ। ਅਪ੍ਰੈਲ ਅਤੇ ਮਈ ਦੇ ਗਰਮੀਆਂ ਦੇ ਮਹੀਨਿਆਂ ਦੌਰਾਨ ਛੇ ਮਹੀਨਿਆਂ ਲਈ ਭਗਵਾਨ ਕੇਦਾਰਨਾਥ ਦੇ ਕਪਾਟ ਜਨਤਕ ਦਰਸ਼ਨਾਂ ਲਈ ਖੁੱਲ੍ਹੇ ਰਹਿੰਦੇ ਹਨ। ਹਾਲਾਂਕਿ, ਸਰਦੀਆਂ ਦੇ ਮੌਸਮ ਦੌਰਾਨ, ਭਈਆ ਦੂਜ ਦੇ ਤਿਉਹਾਰ 'ਤੇ ਦੀਵਾਲੀ ਤੋਂ ਬਾਅਦ ਕੇਦਾਰਨਾਥ ਦੇ ਕਪਾਟ ਬੰਦ ਕਰ ਦਿੱਤੇ ਜਾਂਦੇ ਹਨ। ਇਸ ਸਾਲ ਦਾ ਐਲਾਨ ਇਸ ਲਈ ਵੀ ਖਾਸ ਸੀ ਕਿਉਂਕਿ ਕੇਦਾਰਨਾਥ ਧਾਮ ਦੇ ਨਵੇਂ ਰਾਵਲ ਦਾ ਨਾਮ, ਕੇਦਾਰ ਲਿੰਗ, ਅਧਿਕਾਰਤ ਤੌਰ 'ਤੇ ਐਲਾਨ ਕੀਤਾ ਗਿਆ ਸੀ। ਪਰੰਪਰਾ ਅਨੁਸਾਰ, ਰਾਵਲ ਧਾਮ ਦੀਆਂ ਪੂਜਾ ਰਸਮਾਂ ਅਤੇ ਧਾਰਮਿਕ ਪ੍ਰਬੰਧਾਂ ਦਾ ਸਰਵਉੱਚ ਅਧਿਕਾਰੀ ਹੈ।

### ਚੰਡੀਗੜ੍ਹ ਨੂੰ ਮਿਲੇਗਾ ਪਹਿਲਾ ਸੈਨਿਕ ਸਕੂਲ...

ਸਕੂਲ ਪ੍ਰਵੇਸ਼ ਪ੍ਰੀਖਿਆ ਰਾਹੀਂ ਮਿਲੇਗਾ। ਸੀਬੀਐਸਈ ਸਿਲੇਬਸ ਦੇ ਨਾਲ-ਨਾਲ ਇੱਥੇ ਵਿਦਿਆਰਥੀਆਂ ਨੂੰ ਫੌਜੀ ਸਿਖਲਾਈ ਅਤੇ ਕਦਰਾਂ-ਕੀਮਤਾਂ ਦੀ ਸਿੱਖਿਆ ਦਿੱਤੀ ਜਾਵੇਗੀ, ਜੋ ਉਨ੍ਹਾਂ ਨੂੰ ਭਵਿੱਖ ਦੇ ਨਾਇਕ ਬਣਾਉਣ ਵਿੱਚ ਮਦਦਗਾਰ ਸਾਬਤ ਹੋਵੇਗੀ।

### ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ...

ਜਾਤੀਆਂ ਕਮਿਸ਼ਨ ਆਪਣੇ ਫ਼ਰਜ਼ਾਂ ਦੀ ਅਦਾਇਗੀ ਤੋਂ ਕਦੀ ਪਿੱਛੇ ਨਹੀਂ ਹਟੇਗਾ। ਪੱਤਰਕਾਰਾਂ ਵੱਲੋਂ ਪੁੱਛੇ ਇੱਕ ਸਵਾਲ ਦਾ ਜੁਆਬ ਦਿੰਦਿਆਂ ਚੇਅਰਮੈਨ ਸ੍ਰੀ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਕੁਝ ਰਾਜਨੀਤਿਕ ਆਗੂਆਂ ਦੀ ਸੋਚ ਵਿੱਚ ਅਜੇ ਵੀ ਜਾਤੀਵਾਦ ਘਰ ਕਰੀ ਬੈਠੀ ਹੈ ਅਤੇ ਇਹੀ ਕਾਰਨ ਹੈ ਕਿ ਉਹ ਵਾਰ-ਵਾਰ ਜਾਤੀਵਾਦ ਸਬੰਧੀ ਗਲਤ ਟਿੱਪਣੀਆਂ ਕਰ ਦਿੰਦੇ ਹਨ। ਸ੍ਰੀ ਗੜ੍ਹੀ ਨੇ ਕਿਹਾ ਕਿ ਉਨ੍ਹਾਂ ਅੱਜ ਵਾਹਿਗੁਰੂ ਅੱਗੇ ਇਹ ਵੀ ਅਰਦਾਸ ਕੀਤੀ ਹੈ ਕਿ ਸੱਚੇ ਪਾਤਸ਼ਾਹ ਅਜਿਹੇ ਲੋਕਾਂ ਨੂੰ ਸਮੁੱਤ ਬਖਸ਼ਣ ਜੋ ਸਮਾਜ ਨੂੰ ਜਾਤਾਂ-ਪਾਤਾਂ ਵਿੱਚ ਵੰਡਣ ਦੀ ਰਾਜਨੀਤੀ ਕਰਦੇ ਹਨ।

### ਮੋਦੀ ਸਰਕਾਰ ਨੇ ਅਮਰੀਕਾ ਅੱਗੇ ਗੋਡੇ ਟੇਕੇ...

ਕਿ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਨੇ ਅਮਰੀਕਾ ਅੱਗੇ ਗੋਡੇ ਟੇਕ ਦਿੱਤੇ ਹਨ ਅਤੇ ਭਾਰਤ ਦੇ ਹਿੱਤ ਵੇਚ ਦਿੱਤੇ ਹਨ। ਉਹਨਾਂ ਕਿਹਾ ਕਿ ਇਹ ਸਮਝੌਤਾ ਭਾਰਤ ਦੇ ਵਿਸ਼ਾਲ ਬਾਜ਼ਾਰ ਵਿੱਚ ਅਮਰੀਕੀ ਖੇਤੀ ਉਤਪਾਦਾਂ ਦੀ ਬਰਾਮਦ ਵਧਾਏਗਾ, ਅਮਰੀਕੀ ਕੀਮਤਾਂ ਨੂੰ ਉੱਚਾ ਚੁੱਕੇਗਾ, ਅਮਰੀਕਾ ਵਿੱਚ ਨਕਦੀ ਪਹੁੰਚਾਏਗਾ ਅਤੇ ਅਮਰੀਕੀ ਆਰਥਿਕਤਾ ਨੂੰ ਮਜ਼ਬੂਤ ਕਰੇਗਾ ਜਦ ਕਿ ਭਾਰਤ ਨੂੰ ਇਸ ਦਾ ਨੁਕਸਾਨ ਹੋਵੇਗਾ। ਉਹਨਾਂ ਭਾਜਪਾ ਨੂੰ ਚਿਤਾਵਨੀ ਦਿੱਤੀ ਕਿ ਪੰਜਾਬ ਦੇ ਲੋਕ ਦੇਸ਼ ਦੇ 'ਅੰਨਦਾਤਾ' ਦੀ ਸ਼ਾਨ ਤੇ ਭਵਿੱਖ 'ਤੇ ਕੋਈ ਵੀ ਹਮਲਾ ਬਰਦਾਸ਼ਤ ਨਹੀਂ ਕਰਨਗੇ ਅਤੇ ਸੱਚਾਈ ਨੂੰ ਹਰ ਪਿੰਡ ਅਤੇ ਹਰ ਘਰ ਤੱਕ ਪਹੁੰਚਾਇਆ ਜਾਵੇਗਾ। ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਪੰਜਾਬ ਦੇ ਲੋਕ ਕਿਸਾਨ ਮਾਰੂ ਇਸ ਸਮਝੌਤੇ ਦੀ ਡਟ ਕੇ ਵਿਰੋਧਤਾ ਕਰਦੇ ਹਨ ਅਤੇ ਕੇਂਦਰ ਸਰਕਾਰ ਦੀ ਇਸ ਕੋਝੀ ਸਾਜਿਸ਼ ਨੂੰ ਰੋਕਣ ਲਈ ਹਰ ਹੀਲਾ ਵਰਤਣਗੇ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਇਸ ਦੇਸ਼ ਵਿਰੋਧੀ ਸਮਝੌਤੇ ਦਾ ਡੱਟ ਕੇ ਵਿਰੋਧ ਕਰਦੀ ਹੈ।

# ਸੀਨੀਅਰ ਭਾਜਪਾ ਆਗੂ ਅਰਵਿੰਦ ਖੰਨਾ ਸ਼੍ਰੋਮਣੀ ਅਕਾਲੀ ਦਲ 'ਚ ਹੋਏ ਸ਼ਾਮਲ



ਜ਼ਿਕਰ ਪੰਜਾਬ

**ਸੰਗਰੂਰ** : ਸ਼੍ਰੋਮਣੀ ਅਕਾਲੀ ਦਲ ਨੂੰ ਇਸ ਜ਼ਿਲ੍ਹੇ ਵਿਚ ਅੱਜ ਉਸ ਵੇਲੇ ਵੱਡਾ ਹੁਲਾਰਾ ਮਿਲਿਆ ਜਦੋਂ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਅਤੇ ਦੋ ਵਾਰ ਦੇ ਵਿਧਾਇਕ ਅਰਵਿੰਦ ਖੰਨਾ ਅੱਜ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਤੇ ਭਾਜਪਾ ਦੇ ਅਹੁਦੇਦਾਰਾਂ ਦੀ ਸੰਗਰੂਰ ਦੀ ਸਮੁੱਚੀ ਟੀਮ ਨਾਲ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ 'ਤੇ ਸ੍ਰੀ ਖੰਨਾ ਦਾ ਸਵਾਗਤ ਕਰਦਿਆਂ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਤੂਫਾਨ ਜੋ ਦਿੱਲੀ ਦੀਆਂ ਪਾਰਟੀਆਂ ਨੂੰ ਪੰਜਾਬ ਵਿਚੋਂ ਪੁੱਟ ਸੁੱਟੇਗਾ ਅੱਜ ਸ਼ੁਰੂ ਹੋ ਗਿਆ ਹੈ।

ਉਹਨਾਂ ਨੇ ਇਸ ਮੌਕੇ ਸ੍ਰੀ ਖੰਨਾ ਨੂੰ ਸੰਗਰੂਰ ਦਾ ਹਲਕਾ ਇੰਚਾਰਜ ਨਿਯੁਕਤ ਕਰਨ ਦਾ ਵੀ ਐਲਾਨ ਕੀਤਾ। ਉਹਨਾਂ ਕਿਹਾ ਕਿ ਸੀਨੀਅਰ ਆਗੂ ਜੋ ਪਿਛਲੇ ਦੋ ਦਹਾਕਿਆਂ ਤੋਂ ਸੰਗਰੂਰ ਦੇ ਲੋਕਾਂ ਦੀ ਸੇਵਾ ਕਰ ਰਹੇ ਹਨ ਅਤੇ ਉਹਨਾਂ ਨੇ ਉਮੀਦ ਫਾਊਂਡੇਸ਼ਨ ਵੱਲੋਂ ਉਹਨਾਂ ਦੀ ਅਗਵਾਈ ਹੇਠ ਕੀਤੇ ਸਮਾਜਿਕ ਕਾਰਜਾਂ ਦੀ ਵੀ ਚਰਚਾ ਕੀਤੀ। ਉਹਨਾਂ ਕਿਹਾ ਕਿ ਉਹ ਅਜਿਹੇ ਵਿਲੱਖਣ ਆਗੂਆਂ ਵਿਚੋਂ ਹਨ ਜੋ ਨਿਰਸਵਾਰਥ ਸੇਵਾ ਅਤੇ ਸਮਾਜ ਨੂੰ ਵਾਪਸ ਮੋੜਨ ਵਿਚ ਵਿਸ਼ਵਾਸ ਰੱਖਦੇ ਹਨ। ਇਸ ਮੌਕੇ ਸ੍ਰੀ ਖੰਨਾ ਨੇ ਕਿਹਾ ਕਿ ਉਹਨਾਂ ਨੇ ਆਪਣਾ ਸਿਆਸੀ ਸਫਰ ਸ਼੍ਰੋਮਣੀ ਅਕਾਲੀ ਦਲ ਨਾਲ ਹੀ ਸ਼ੁਰੂ ਕੀਤਾ ਸੀ ਅਤੇ ਉਹਨਾਂ ਨੇ ਮੁੜ ਅਕਾਲੀ ਦਲ ਵਿਚ ਸ਼ਮੂਲੀਅਤ ਨੂੰ ਘਰ ਵਾਪਸੀ ਕਰਾਰ ਦਿੱਤਾ। ਉਹਨਾਂ ਕਿਹਾ ਕਿ ਲੋਕਾਂ ਨੂੰ ਅੱਜ ਵੀ ਚੇਤੇ ਹੈ ਕਿ ਕਿਵੇਂ ਪਿਛਲੀਆਂ ਅਕਾਲੀ ਦਲ ਦੀਆਂ ਸਰਕਾਰਾਂ ਵੇਲੇ ਸੂਬੇ ਵਿਚ ਅਣਕਿਆਸਾਂ ਵਿਕਾਸ ਹੋਇਆ। ਉਹਨਾਂ ਕਿਹਾ ਕਿ ਲੋਕ ਚਾਹੁੰਦੇ ਹਨ ਕਿ ਉਹ ਦਿਨ ਮੁੜ ਪਰਤਣ। ਉਹਨਾਂ ਕਿਹਾ ਕਿ ਉਹ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਪਿਛਲੇ ਸਾਲ ਹੜ੍ਹਾਂ ਦੌਰਾਨ ਕੀਤੀ ਨਿਰਸਵਾਰਥ ਸੇਵਾ ਤੋਂ ਪ੍ਰੇਰਿਤ ਹੋ ਕੇ ਅਕਾਲੀ ਦਲ ਵਿਚ ਸ਼ਮੂਲੀਅਤ ਕੀਤੀ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਦੁਲੱਟ, ਮਿਊਂਸਪਲ ਕੌਂਸਲ ਦੇ ਸਾਬਕਾ ਪ੍ਰਧਾਨ ਹਰਬੰਸ ਸਿੰਘ ਗਰਚਾ, ਦਲਜੀਤ ਸਿੰਘ ਸੇਖੋਂ ਕਾਰਜਕਾਰਨੀ ਮੈਂਬਰ ਸੂਬਾ ਭਾਜਪਾ, ਮਨਜੂਲਾ ਸ਼ਰਮਾ ਜ਼ਿਲ੍ਹਾ ਪ੍ਰਧਾਨ ਭਾਜਪਾ ਮਹਿਲਾ ਮੋਰਚਾ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਹਰਬੰਸ ਸਿੰਘ ਗਰਚਾ ਤੇ ਦੀਪਕ ਅਗਰਵਾਲ, ਸਾਬਕਾ ਪ੍ਰਧਾਨ ਟਰੱਕ ਯੂਨੀਅਨ ਗੁਰਮੀਤ ਸਿੰਘ ਕਾਕਾ ਅਤੇ ਬਲਾਕ ਪ੍ਰਧਾਨਾਂ ਬੂਟਾ ਸਿੰਘ, ਨਰਿੰਦਰ ਕੁਮਾਰ ਸ਼ੈਲੀ, ਨਵਦੀਪ ਸਿੰਘ ਨਿੱਪਾ ਅਤੇ ਹਰਮੇਲ ਸਿੰਘ ਦਾ ਵੀ ਪਾਰਟੀ ਵਿਚ ਸਵਾਗਤ ਕੀਤਾ।

ਅਸ਼ਵਨੀ ਜੇਤਲੀ ਮਾਲਕ, ਐਡੀਟਰ/ਪ੍ਰਿੰਟਰ ਤੇ ਪਬਲਿਸ਼ਰ ਨੇ ਰੋਟਰੀ ਪ੍ਰਿੰਟਰਜ਼ ਤੋਂ ਛਪਵਾ ਕੇ ਦ.ਫ਼ਤਰ ਜ਼ਿਕਰ ਪੰਜਾਬ (ਸਪਤਾਹਿਕ) 7, ਮਾਣਕ ਇਨਕਲੇਵ, ਧਾਂਦਰਾ ਰੋਡ, ਲੁਧਿਆਣਾ ਤੋਂ ਪ੍ਰਕਾਸ਼ਿਤ ਕੀਤਾ।
Published, Printed & Owned by Ashwani Jaitly Published at 7, Manak Enclave, Dhandra Road, Ludhiana, Punjab State Printed at Rotary Printers, Kot Almgir, Ludhiana, Punjab State Editor- Ashwani Jaitly

# ਸਸ਼ਕਤੀਕਰਣ, ਉਚਿਤ ਪ੍ਰਕਿਰਿਆ ਅਤੇ ਗਰਿਮਾ: ਭਾਰਤ ਦੇ ਡਿਜੀਟਲ ਪਬਲਿਕ ਸੈਕਟਰ ਵਿੱਚ ਆਰਟੀਫਿਸ਼ੀਅਲ ਮੀਡੀਆ ਦਾ ਸੰਚਾਲਨ

ਜ਼ਿਕਰ ਪੰਜਾਬ

ਭਾਰਤ ਦਾ ਡਿਜੀਟਲ ਪਬਲਿਕ ਸੈਕਟਰ ਇੱਕ ਨਿਰਣਾਇਕ ਮੋੜ 'ਤੇ ਖੜ੍ਹਾ ਹੈ। ਆਰਟੀਫਿਸ਼ੀਅਲ ਇੰਟੈਲੀਜੈਂਸ (ਏਆਈ) ਵਿੱਚ ਹੋਏ ਵਿਕਾਸ, ਖਾਸ ਕਰਕੇ ਆਡੀਓ, ਵੀਡੀਓ ਅਤੇ ਆਡੀਓ-ਵੀਡੀਓ ਕੰਟੈਂਟ ਨੂੰ ਬਣਾਉਣ ਅਤੇ ਬਦਲਣ ਦੀ ਤਕਨੀਕ ਨੇ ਸੂਚਨਾ ਦੇ ਸਿਰਜਣ; ਵਰਤੋਂ ਅਤੇ ਵਿਸ਼ਵਾਸ ਦੇ ਢੰਗ ਨੂੰ ਮੌਲਿਕ ਤੌਰ 'ਤੇ ਬਦਲ ਦਿੱਤਾ ਹੈ। ਜਿੱਥੇ ਇਹ ਤਕਨੀਕਾਂ ਪ੍ਰਗਟਾਵੇ, ਰਚਨਾਤਮਕਤਾ ਅਤੇ ਲੋਕਾਂ ਤੱਕ ਪਹੁੰਚ ਨੂੰ ਵਧਾਉਂਦੀਆਂ ਹਨ, ਉੱਥੇ ਹੀ ਇਹ ਅਜਿਹੇ ਨਵੇਂ ਖਤਰੇ ਵੀ ਪੈਦਾ ਕਰਦੀਆਂ ਹਨ ਜੋ ਸਿੱਧੇ ਤੌਰ 'ਤੇ ਵਿਅਕਤੀ ਦੇ ਮਾਣ, ਸਮਾਜਿਕ ਸਦਭਾਵਨਾ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਨਾਲ ਜੁੜੇ ਹੋਏ ਹਨ।

ਬਨਾਵਟੀ/ਆਰਟੀਫਿਸ਼ੀਅਲ ਤੌਰ 'ਤੇ ਬਣਾਈ ਗਈ (ਸਿੰਥੈਟਿਕ) ਜਾਣਕਾਰੀ ਤੋਂ ਪੈਦਾ ਹੋਣ ਵਾਲੀਆਂ ਵਿਸ਼ੇਸ਼ ਚੁਣੌਤੀਆਂ ਨੂੰ ਸਮਝਦੇ ਹੋਏ, ਭਾਰਤ ਸਰਕਾਰ ਨੇ ਡਿਜੀਟਲ ਵਿਚੋਲਿਆਂ (ਡਿਜੀਟਲੀ ਇੰਟਰਮੀਡੀਅਰੀ) ਨਾਲ ਜੁੜੇ ਕਾਨੂੰਨ ਅਤੇ ਨੀਤੀਗਤ ਢਾਂਚੇ ਨੂੰ ਹੋਰ ਮਜ਼ਬੂਤ ਕੀਤਾ ਹੈ। ਸੂਚਨਾ ਤਕਨਾਲੋਜੀ (ਇੰਟਰਮੀਡੀਅਰੀ ਗਾਈਡਲਾਈਨਜ਼ ਅਤੇ ਡਿਜੀਟਲ ਮੀਡੀਆ ਐਥਿਕਸ ਕੋਡ) ਨਿਯਮ, 2021 ਵਿੱਚ ਕੀਤੀ ਗਈ ਹਾਲੀਆ ਸੋਧ, ਅਤੇ ਨਵੰਬਰ 2025 ਵਿੱਚ ਇੰਡੀਆ ਏਆਈ ਮਿਸ਼ਨ ਦੇ ਤਹਿਤ ਜਾਰੀ ਭਾਰਤ ਦੀ ਏਆਈ ਗਵਰਨੈਂਸ ਗਾਈਡਲਾਈਨਜ਼, 2025- ਦੋਵਾਂ ਨੂੰ ਇਕੱਠੇ ਪੜ੍ਹਨ 'ਤੇ ਸਰਕਾਰ ਦਾ ਇੱਕ ਸੰਤੁਲਿਤ ਅਤੇ ਸਪਸ਼ਟ ਦ੍ਰਿਸ਼ਟੀਕੋਣ ਸਾਹਮਣੇ ਆਉਂਦਾ ਹੈ। ਇਸ ਦਾ ਮਤਲਬ ਇਹ ਹੈ ਕਿ ਅਸਲ ਨੁਕਸਾਨ ਨਾਲ ਨਿਪਟਣ ਲਈ ਕਾਨੂੰਨੀ ਤੌਰ 'ਤੇ ਰੁਕਾਵਟੀ ਜ਼ਿੰਮੇਵਾਰੀਆਂ ਤੈਅ ਕੀਤੀਆਂ ਗਈਆਂ ਹਨ, ਅਤੇ ਨਾਲ ਹੀ ਜ਼ਿੰਮੇਵਾਰ ਢੰਗ ਨਾਲ ਏਆਈ ਨੂੰ ਅਪਣਾਉਣ ਲਈ ਨੀਤੀਗਤ ਸਿਧਾਂਤ ਵੀ ਤੈਅ ਕੀਤੇ ਗਏ ਹਨ। ਹਿਤਧਾਰਕਾਂ ਨੂੰ ਵਿਆਪਕ ਵਿਚਾਰ-ਵਟਾਂਦਰੇ ਤੋਂ ਬਾਅਦ ਤਿਆਰ ਕੀਤੇ ਗਏ ਇਹ ਸਾਰੇ ਨਿਯਮ ਅਤੇ ਦਿਸ਼ਾ ਨਿਰਦੇਸ਼ ਮਿਲ ਕੇ ਸਰਕਾਰ ਦਾ ਇੱਕ ਸਪਸ਼ਟ ਇਰਾਦਾ ਦਿਖਾਉਂਦੇ ਹਨ-ਤਕਨੀਕ ਦਾ ਵਿਕਾਸ ਅਜਿਹਾ ਹੋਵੇ, ਜੋ ਪਾਰਦਰਸ਼ਿਤਾ, ਜਵਾਬਦੇਹੀ ਅਤੇ ਨਾਗਰਿਕਾਂ ਦੇ ਮਾਣ ਨੂੰ ਬਣਾਏ ਰੱਖਣ ਵਾਲੇ ਢਾਂਚੇ ਦੇ ਅੰਦਰ ਹੀ ਅੱਗੇ ਵਧੇ।

**ਸਿੰਥੈਟਿਕ ਮੀਡੀਆ ਨਾਲ ਜੁੜੇ ਜੋਖਮਾਂ 'ਤੇ ਕਾਨੂੰਨੀ ਜਵਾਬ**

ਸੋਧੇ ਹੋਏ ਇੰਟਰਮੀਡੀਅਰੀ ਨਿਯਮਾਂ ਵਿੱਚ ਪਹਿਲੀ ਵਾਰ ਸਿੰਥੈਟਿਕਲੀ ਤੌਰ 'ਤੇ ਤਿਆਰ ਕੀਤੀ ਗਈ ਜਾਣਕਾਰੀ ਦੀ ਇੱਕ ਸਪਸ਼ਟ ਅਤੇ ਵਿਵਹਾਰਕ ਪਰਿਭਾਸ਼ਾ ਦਿੱਤੀ ਗਈ ਹੈ। ਇਸ ਪਰਿਭਾਸ਼ਾ ਨੂੰ ਬਹੁਤ ਸੰਤੁਲਨ ਦੇ ਨਾਲ ਤਿਆਰ ਕੀਤਾ ਗਿਆ ਹੈ। ਇਸ ਵਿੱਚ ਉਹ ਕੰਟੈਂਟ ਸ਼ਾਮਲ ਹੈ ਜੋ ਆਰਟੀਫਿਸ਼ੀਅਲੀ ਜਾਂ ਐਲਗੋਰਿਦਮ ਰਾਹੀਂ ਇਸ ਤਰ੍ਹਾਂ ਬਣਾਇਆ ਜਾ ਬਦਲਿਆ ਗਿਆ ਹੋਵੇ ਕਿ ਉਹ ਅਸਲੀ ਵਰਗਾ ਲਗੇ ਜਾਂ ਹਕੀਕਤ ਤੋਂ ਵੱਖਰੀ ਪਛਾਣ ਵਿੱਚ ਨਾ ਆਵੇ। ਪਰ ਇਸ ਵਿੱਚ ਸਧਾਰਣ ਅਤੇ ਇਮਾਨਦਾਰ ਕੰਮਾਂ ਨੂੰ ਸਾਫ ਤੌਰ 'ਤੇ ਬਾਹਰ ਰੱਖਿਆ ਗਿਆ ਹੈ- ਜਿਵੇਂ ਤਕਨੀਕੀ ਐਡਿਟਿੰਗ, ਦਿਵਯਾਂਗਜਨਾਂ ਦੀ ਸੁਵਿਧਾ ਲਈ ਕੀਤੇ ਗਏ ਬਦਲਾਅ, ਪੜ੍ਹਾਈ ਜਾਂ ਸੋਧ ਨਾਲ ਜੁੜੀ ਸਮੱਗਰੀ ਅਤੇ ਜਾਇਜ਼ ਰਚਨਾਤਮਕ ਵਰਤੋਂ। ਇਹ ਸਪਸ਼ਟ ਪਰਿਭਾਸ਼ਾ ਕਾਨੂੰਨੀ ਲਿਹਾਜ਼ ਨਾਲ ਬਹੁਤ ਜ਼ਰੂਰੀ ਕੰਮ ਕਰਦੀ ਹੈ। ਇਸ ਰਾਹੀਂ 'ਆਰਟੀਫਿਸ਼ੀਅਲ ਤੌਰ 'ਤੇ ਬਣਾਈ ਗਈ ਜਾਣਕਾਰੀ' ਨੂੰ ਨਿਯਮਾਂ ਵਿੱਚ ਸਿੱਧੀ 'ਜਾਣਕਾਰੀ' ਦੀ ਸ਼?ਰੇਣੀ ਵਿੱਚ ਲਿਆਂਦਾ ਗਿਆ ਹੈ, ਤਾਂ ਜੋ ਸਾਵਧਾਨੀ ਵਰਤਣ ਦੀ ਜ਼ਿੰਮੇਵਾਰੀ, ਸ਼ਿਕਾਇਤ ਨਿਪਟਾਰਾ ਅਤੇ ਡਿਜੀਟਲ ਪਲੈਟਫਾਰਮ ਦੀ ਜ਼ਿੰਮੇਵਾਰੀ ਵਰਗੇ ਮਾਮਲਿਆਂ ਵਿੱਚ ਇਸ ਨੂੰ ਵੀ ਸ਼ਾਮਲ ਕੀਤਾ ਜਾ ਸਕੇ। ਇਸ ਨਾਲ ਇਹ ਯਕੀਨੀ ਹੁੰਦਾ ਹੈ ਕਿ ਡਿਜੀਟਲ ਨੁਕਸਾਨ ਦੇ ਨਵੇਂ ਤਰੀਕਿਆਂ ਨਾਲ ਮੌਜੂਦਾ ਕਾਨੂੰਨੀ ਢਾਂਚੇ ਅੰਦਰ ਹੀ ਨਿਪਟਿਆ ਜਾਵੇ, ਨਾ ਕਿ ਸਿਰਫ਼ ਗੈਰ-ਰਸਮੀ ਜਾਂ ਪਲੈਟਫਾਰਮ ਦੇ ਆਪਣੇ ਸੰਜਮ ਅਭਿਆਸਾਂ 'ਤੇ ਛੱਡ ਦਿੱਤਾ ਜਾਵੇ। ਇੰਨਾ ਹੀ ਮਹੱਤਵਪੂਰਨ ਇਹ ਸਪਸ਼ਟੀਕਰਣ ਹੈ ਕਿ ਵਿਚੋਲਿਆਂ ਦੁਆਰਾ ਸਵੈ-ਚਾਲਿਤ ਉਪਕਰਣਾਂ ਜਾਂ ਹੋਰ ਉਚਿਤ ਤਕਨੀਕੀ ਉਪਾਵਾਂ ਦੇ ਜ਼ਰੀਏ ਸਦਭਾਵਨਾ ਪੂਰਨ ਕੀਤੀਆਂ ਗਈਆਂ ਕਾਰਵਾਈਆਂ ਕਾਨੂੰਨੀ ਢਾਂਚੇ ਨੂੰ ਕਮਜ਼ੋਰ ਨਹੀਂ ਕਰਦੀਆਂ ਹਨ। ਇਸ ਨਾਲ ਜਵਾਬਦੇਹੀ ਬਣਾਏ ਰੱਖਦੇ ਹੋਏ ਪਾਲਣਾ ਨੂੰ ਉਤਸ਼ਾਹਿਤ ਕਰਨ ਵਾਲਾ ਵਾਤਾਵਰਣ ਮਜ਼ਬੂਤ ਹੁੰਦਾ ਹੈ।

**ਲੇਬਲਿੰਗ, ਸਰੋਤਾਂ ਦੀ ਪਛਾਣ ਅਤੇ ਪਹਿਲਾਂ ਤੋਂ ਬਚਾਅ ਦੇ ਉਪਾਅ**

ਸੋਧੇ ਹੋਏ ਢਾਂਚੇ ਵਿੱਚ ਸਭ ਤੋਂ ਵੱਡਾ ਅਤੇ ਅਹਿਮ ਬਦਲਾਅ ਇਹ ਹੈ ਕਿ ਹੁਣ ਸਿਰਫ਼ ਨੁਕਸਾਨ ਹੋਣ ਤੋਂ ਬਾਅਦ ਕਾਰਵਾਈ ਕਰਨ ਦੀ ਬਜਾਏ, ਪਹਿਲਾਂ ਤੋਂ ਹੀ ਰੋਕਥਾਮ 'ਤੇ ਜ਼ੋਰ ਦਿੱਤਾ ਗਿਆ ਹੈ। ਜੋ ਕਿ ਡਿਜੀਟਲ ਪਲੈਟਫਾਰਮ ਨਕਲੀ ਤੌਰ 'ਤੇ ਤਿਆਰ ਕੀਤੀ ਗਈ ਜਾਣਕਾਰੀ ਨੂੰ ਬਣਾਉਣ ਜਾਂ ਫੈਲਾਉਣ ਵਿੱਚ ਮਦਦ ਕਰਦੇ ਹਨ, ਉਨ੍ਹਾਂ ਨੂੰ ਹੁਣ ਅਜਿਹੇ ਉਚਿਤ ਅਤੇ ਜ਼ਰੂਰੀ ਤਕਨੀਕੀ ਉਪਾਅ ਅਪਣਾਉਣੇ ਹੋਣਗੇ, ਤਾਂ ਜੋ ਗੈਰ-ਕਾਨੂੰਨੀ ਕੰਟੈਂਟ ਨੂੰ ਬਣਦੇ ਸਮੇਂ ਜਾਂ ਫੈਲਦੇ ਸਮੇਂ ਹੀ ਰੋਕਿਆ ਜਾ ਸਕੇ। ਜੇਕਰ ਆਰਟੀਫਿਸ਼ੀਅਲ ਤੌਰ 'ਤੇ ਬਣਾਇਆ ਗਿਆ ਕੰਟੈਂਟ ਕਾਨੂੰਨੀ ਹੈ, ਤਾਂ ਉਸ 'ਤੇ ਸਾਫ ਅਤੇ ਸਪਸ਼ਟ ਲੇਬਲ ਲਗਾਉਣਾ ਲਾਜ਼ਮੀ ਹੋਵੇਗਾ। ਨਾਲ ਹੀ, ਤਕਨੀਕੀ ਤੌਰ 'ਤੇ ਸੰਭਵ ਹੋਣ 'ਤੇ ਉਸ ਦੇ ਨਾਲ ਸਥਾਈ ਮੇਟਾਡੇਟਾ ਜਾਂ ਸਰੋਤ ਪਛਾਣ ਨਾਲ ਜੁੜੀ ਵਿਵਸਥਾ ਵੀ ਕਰਨੀ ਹੋਵੇਗੀ, ਤਾਂ ਜੋ ਇਹ ਪਤਾ ਚੱਲ ਸਕੇ ਕਿ ਉਹ ਕੰਟੈਂਟ ਕਿੱਥੋਂ ਆਇਆ ਹੈ।



ਐੱਸ.ਕ੍ਰਿਸ਼ਨਨ

ਇਨ੍ਹਾਂ ਲੇਬਲਾਂ ਜਾਂ ਪਛਾਣ ਨਾਲ ਜੁੜੇ ਚਿੰਨ੍ਹਾਂ ਨੂੰ ਹਟਾਉਣਾ, ਬਦਲਣਾ ਜਾਂ ਲੁਕਾਉਣਾ ਸਾਫ ਤੌਰ 'ਤੇ ਵਰਜਿਤ ਹੋਵੇਗਾ। ਇਹ ਤਕਨੀਕ ਅਤੇ ਕਾਨੂੰਨ ਨੂੰ ਜੋੜ ਕੇ ਬਣਾਇਆ ਗਿਆ ਤਰੀਕਾ ਇੱਕ ਸਮਝਦਾਰੀ ਭਰੀ ਰੈਗੂਲੇਟਰੀ ਸੋਚ ਨੂੰ ਦਰਸਾਉਂਦਾ ਹੈ। ਇਸ ਵਿੱਚ ਸਿਰਫ਼ ਨੁਕਸਾਨ ਹੋ ਜਾਣ ਤੋਂ ਬਾਅਦ ਕੰਟੈਂਟ ਹਟਾਉਣ 'ਤੇ ਭਰੋਸਾ ਨਹੀਂ ਕੀਤਾ ਗਿਆ ਹੈ, ਸਗੋਂ ਪਾਰਦਰਸ਼ਿਤਾ ਨੂੰ ਨਾਗਰਿਕ ਦੇ ਮਾਣ ਅਤੇ ਭਰੋਸੇ ਦੀ ਸੁਰੱਖਿਆ ਵਜੋਂ ਦੇਖਿਆ ਗਿਆ ਹੈ। ਹੁਣ ਨਾਗਰਿਕਾਂ ਨੂੰ ਸਿਰਫ ਸ਼ਿਕਾਇਤ ਕਰਨ ਦਾ ਅਧਿਕਾਰ ਹੀ ਨਹੀਂ ਮਿਲੇਗਾ, ਸਗੋਂ ਉਹ ਉਸੇ ਸਮੇਂ ਇਹ ਪਛਾਣ ਵੀ ਕਰ ਸਕਣਗੇ ਕਿ ਕੋਈ ਕੰਟੈਂਟ ਅਸਲੀ ਹੈ ਜਾਂ ਨਕਲੀ ਤੌਰ 'ਤੇ ਬਣਾਇਆ ਗਿਆ ਹੈ। ਇਹ ਨਾਗਰਿਕਾਂ ਦੇ 'ਜਾਣਨ ਦੇ ਅਧਿਕਾਰ' ਨੂੰ ਮਾਨਤਾ ਦੇਣ ਵਰਗਾ ਹੈ। ਸੋਧੀਆਂ ਗਈਆਂ ਵਿਚੋਲਗੀ ਗਾਈਡਲਾਈਨਜ਼ ਇਹ ਵੀ ਕਹਿੰਦੀਆਂ ਹਨ ਕਿ ਡਿਜੀਟਲ ਪਲੈਟਫਾਰਮ ਸਮੇਂ-ਸਮੇਂ 'ਤੇ ਅਤੇ ਸਪਸ਼ਟ ਭਾਸ਼ਾ ਵਿੱਚ ਯੂਜ਼ਰਸ ਨੂੰ ਉਨ੍ਹਾਂ ਦੇ ਅਧਿਕਾਰ, ਜ਼ਿੰਮੇਵਾਰੀਆਂ ਅਤੇ ਨਿਯਮ ਨਾ ਮੰਨਣ 'ਤੇ ਹੋਣ ਵਾਲੇ ਨਤੀਜਿਆਂ ਬਾਰੇ ਵੀ ਦੱਸਦੇ ਰਹਿਣ।

**ਵੱਡੇ ਡਿਜੀਟਲ ਪਲੈਟਫਾਰਮ ਲਈ ਜ਼ਿਆਦਾ ਜ਼ਿੰਮੇਵਾਰੀ**

ਵੱਡੇ ਅਤੇ ਪ੍ਰਭਾਵਸ਼ਾਲੀ ਸੋਸ਼ਲ ਮੀਡੀਆ ਪਲੈਟਫਾਰਮ ਲਈ ਨਿਯਮਾਂ ਵਿੱਚ ਵਾਧੂ ਜ਼ਿੰਮੇਵਾਰੀਆਂ ਤੈਅ ਕੀਤੀਆਂ ਗਈਆਂ ਹਨ, ਜੋ ਕਿ ਉਨ੍ਹਾਂ ਦੇ ਆਕਾਰ ਅਤੇ ਪ੍ਰਭਾਵ ਦੇ ਹਿਸਾਬ ਨਾਲ ਹਨ। ਅਜਿਹੇ ਪਲੈਟਫਾਰਮ ਨੂੰ ਹੁਣ ਯੂਜ਼ਰਸ ਤੋਂ ਇਹ ਐਲਾਨ ਲੈਣਾ ਹੋਵੇਗਾ ਕਿ ਜੋ ਕੰਟੈਂਟ ਉਹ ਪਾ ਰਹੇ ਹਨ, ਉਹ ਆਰਟੀਫਿਸ਼ੀਅਲ/ਨਕਲੀ ਤੌਰ 'ਤੇ ਬਣਾਇਆ ਗਿਆ ਹੈ ਜਾਂ ਨਹੀਂ? ਨਾਲ ਹੀ, ਇਨ੍ਹਾਂ ਐਲਾਨਾਂ ਦੀ ਸਹੀ-ਗਲਤ ਜਾਂਚ ਲਈ ਉਚਿਤ ਅਤੇ ਸੰਤੁਲਿਤ ਤਕਨੀਕੀ ਉਪਾਅ ਵੀ ਲਗਾਉਣੇ ਪੈਣਗੇ। ਇਸ ਤੋਂ ਇਲਾਵਾ ਇਹ ਵੀ ਯਕੀਨੀ ਬਣਾਉਣਾ ਹੋਵੇਗਾ ਕਿ ਆਰਟੀਫਿਸ਼ੀਅਲ ਤੌਰ 'ਤੇ ਬਣਾਈ ਗਈ ਜਾਣਕਾਰੀ ਬਿਨਾ ਸਹੀ ਪਛਾਣ ਜਾਂ ਲੇਬਲ ਦੇ ਪ੍ਰਕਾਸ਼ਿਤ ਨਾ ਹੋਣ। ਜੇਕਰ ਕੋਈ ਪਲੈਟਫਾਰਮ ਇਨ੍ਹਾਂ ਨਿਯਮਾਂ ਦੀ ਪਾਲਣਾ ਨਹੀਂ ਕਰਦਾ ਹੈ, ਤਾਂ ਇਸ ਨੂੰ ਨਿਯਮਾਂ ਦੇ ਤਹਿਤ ਜ਼ਰੂਰੀ ਸਾਵਧਾਨੀ ਵਿੱਚ ਕੁਤਾਹੀ ਮੰਨੀ ਜਾਵੇਗੀ, ਅਤੇ ਉਸ 'ਤੇ ਕਾਨੂੰਨੀ ਕਾਰਵਾਈ ਹੋ ਸਕਦੀ ਹੈ। ਇਹ ਵਿਵਸਥਾ ਜ਼ਿੰਮੇਵਾਰੀ ਨੂੰ ਸਮਝਦਾਰੀ ਨਾਲ ਵੰਡਣ ਦਾ ਢੰਗ ਦਿਖਾਉਂਦੀ ਹੈ। ਯਾਨੀ ਇਸ ਪਲੈਟਫਾਰਮ ਦਾ ਸਮਾਜ 'ਤੇ ਜ਼ਿਆਦਾ ਅਤੇ ਵਿਆਪਕ ਅਸਰ ਹੈ, ਉਨ੍ਹਾਂ 'ਤੇ ਸ਼ਾਸਨ ਅਤੇ ਨਿਗਰਾਨੀ ਦੀ ਜ਼ਿੰਮੇਵਾਰੀ ਵੀ ਜ਼ਿਆਦਾ ਹੋਵੇਗੀ।

**ਜ਼ਿੰਮੇਵਾਰ ਢੰਗ ਨਾਲ ਏਆਈ ਅਪਣਾਉਣ ਲਈ ਨੀਤੀਗਤ ਮਾਰਗਦਰਸ਼ਨ**

ਕਾਨੂੰਨੀ ਢੰਗ ਨਾਲ ਲਾਗੂ ਕੀਤੇ ਜਾ ਸਕਣ ਵਾਲੇ ਇਨ੍ਹਾਂ ਨਿਯਮਾਂ ਦੇ ਨਾਲ-ਨਾਲ, ਇੰਡੀਆ ਏਆਈ ਗਵਰਨੈਂਸ ਗਾਈਡਲਾਈਨਜ਼, 2025 ਏਆਈ ਨੂੰ ਜ਼ਿੰਮੇਵਾਰ, ਸੁਰੱਖਿਅਤ ਅਤੇ ਸਾਰਿਆਂ ਨੂੰ ਨਾਲ ਲੈ ਕੇ ਅਪਣਾਉਣ ਲਈ ਇੱਕ ਨੀਤੀਗਤ ਢਾਂਚਾ ਦੱਸਦੀਆਂ ਹਨ। ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਵਿੱਚ ਪਾਰਦਰਸ਼ਿਤਾ, ਜਵਾਬਦੇਹੀ, ਇਨਸਾਨ ਨੂੰ ਕੇਂਦਰ ਵਿੱਚ ਰੱਖ ਕੇ ਡਿਜ਼ਾਈਨ ਕਰਨਾ ਅਤੇ ਜੋਖਮਾਂ ਪ੍ਰਤੀ ਜਾਗਰੂਕ ਰਹਿਣ 'ਤੇ ਖਾਸ ਜ਼ੋਰ ਦਿੱਤਾ ਗਿਆ ਹੈ। ਨਾਲ ਹੀ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਇਹ ਦਿਸ਼ਾ-ਨਿਰਦੇਸ਼ ਮੌਜੂਦਾ ਕਾਨੂੰਨਾਂ ਦੀ ਸੀਮਾ ਦੇ ਅੰਦਰ ਹੀ ਲਾਗੂ ਹੁੰਦੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਗਾਈਡਲਾਈਨਜ਼ ਆਈਟੀ ਐਕਟ ਜਾਂ ਵਿਚੋਲਗੀ ਨਿਯਮਾਂ ਦੇ ਤਹਿਤ ਬਣੀਆਂ ਕਾਨੂੰਨੀ ਜ਼ਿੰਮੇਵਾਰੀਆਂ ਨੂੰ ਖਤਮ ਨਹੀਂ ਕਰਦੀਆਂ। ਸਗੋਂ ਇਹ ਡਿਵੈਲਪਰਸ, ਏਆਈ ਸਿਸਟਮ ਲਾਗੂ ਕਰਨ ਵਾਲਿਆਂ ਅਤੇ ਸੰਸਥਾਨਾਂ ਨੂੰ ਦਿਸ਼ਾ ਦੇਣ ਦਾ ਕੰਮ ਕਰਦੀਆਂ ਹਨ ਅਤੇ ਇਹ ਉਮੀਦ ਮਜ਼ਬੂਤ ਕਰਦੀਆਂ ਹਨ ਕਿ ਏਆਈ ਸਿਸਟਮ ਖਾਸ ਕਰਕੇ, ਉਹ ਜੋ ਆਰਟੀਫਿਸ਼ੀਅਲ ਕੰਟੈਂਟ ਬਣਾ ਸਕਦੇ ਹਨ, ਸਮਾਜ 'ਤੇ ਪੈਣ ਵਾਲੇ ਅਸਰ ਅਤੇ ਲੋਕਾਂ ਦੇ ਭਰੋਸੇ ਨੂੰ ਧਿਆਨ ਵਿੱਚ ਰੱਖ ਕੇ ਹੀ ਬਣਾਏ ਅਤੇ ਇਸਤੇਮਾਲ ਕੀਤੇ ਜਾਣ।

**ਕਾਨੂੰਨੀ ਅਧਿਕਾਰ ਅਤੇ ਲੋਕਤੰਤਰੀ ਜ਼ਿੰਮੇਵਾਰੀ**

ਨਵੀਆਂ ਉੱਭਰਦੀਆਂ ਤਕਨੀਕਾਂ ਨੂੰ ਨਿਯੰਤ੍ਰਿਤ ਕਰਨ ਨੂੰ ਲੈ ਕੇ ਭਾਰਤ ਦਾ ਤਰੀਕਾ ਸੰਵਿਧਾਨ ਦੀ ਵੈਧਤਾ ਅਤੇ ਸੰਸਥਾਗਤ ਸਮਰੱਥਾ 'ਤੇ ਅਧਾਰਿਤ ਹੈ। ਫਿਲਹਾਲ ਜੋ ਢਾਂਚਾ ਬਣਾਇਆ ਗਿਆ ਹੈ, ਉਹ ਸੰਤੁਲਿਤ ਨਿਯਮਾਂ ਅਤੇ ਨੀਤੀਗਤ ਦਿਸ਼ਾ-ਨਿਰਦੇਸ਼ਾਂ 'ਤੇ ਟਿਕਿਆ ਹੈ। ਪਰੰਤੂ ਜੇਕਰ ਜਨਤਕ ਹਿਤ ਵਿੱਚ ਜ਼ਰੂਰਤ ਹੋਵੇ, ਤਾਂ ਸੰਸਦ ਕੋਲ ਬਦਲਦੀਆਂ ਤਕਨੀਕੀ ਹਾਲਤਾਂ ਦੇ ਅਨੁਸਾਰ ਕਾਨੂੰਨ ਬਣਾਉਣ ਦਾ ਪੂਰਾ ਅਧਿਕਾਰ ਬਣਿਆ ਹੋਇਆ ਹੈ।

ਇਹ ਲੋੜ ਨਾਲੋਂ ਵੱਧ ਨਿਯਮ ਬਣਾਉਣ ਦੀ ਗੱਲ ਨਹੀਂ ਹੈ, ਸਗੋਂ ਲੋਕਤੰਤਰੀ ਜ਼ਿੰਮੇਵਾਰੀ ਦੀ ਪੁਸ਼ਟੀ ਹੈ। ਤਾਂ ਜੋ ਨਵੀਨਤਾ ਸੰਵਿਧਾਨਿਕ ਕਦਰਾਂ ਕੀਮਤਾਂ, ਉਚਿਤ ਕਾਨੂੰਨੀ ਪ੍ਰਕਿਰਿਆ ਅਤੇ ਵਿਅਕਤੀ ਦੇ ਮਾਣ -ਸਨਮਾਨ ਦੀ ਸੁਰੱਖਿਆ ਦੇ ਅਨੁਸਾਰ ਬਣਿਆ ਰਹੇ। ਇਸ ਲਈ ਮੌਜੂਦਾ ਢਾਂਚਾ ਕਿਸੇ ਅੰਤਿਮ ਵਿਵਸਥਾ ਦਾ ਦਾਅਵਾ ਨਹੀਂ ਕਰਦਾ, ਸਗੋਂ ਇਹ ਦਰਸਾਉਂਦਾ ਹੈ ਕਿ ਵਿਵਸਥਾ ਅੱਗੇ ਦੇ ਬਦਲਾਵਾਂ ਲਈ ਤਿਆਰ ਹੈ, ਜੋ ਕਿ ਲਚਕਦਾਰ ਹੈ, ਸੰਤੁਲਿਤ ਹੈ ਅਤੇ ਕਾਨੂੰਨ ਦੇ ਸ਼ਾਸਨ 'ਤੇ ਮਜ਼ਬੂਤੀ ਨਾਲ ਅਧਾਰਿਤ ਹੈ।

**ਨਾਗਰਿਕ-ਕੇਂਦ੍ਰਿਤ ਡਿਜੀਟਲ ਗਵਰਨੈਂਸ ਮਾਡਲ**

ਭਾਰਤ ਦਾ ਡਿਜੀਟਲ ਰੈਗੂਲੇਸ਼ਨ ਦਾ ਢੰਗ ਹਮੇਸ਼ਾ ਸਖਤ ਜਾਂ ਜਲਦਬਾਜ਼ੀ ਲਈ ਲਏ ਗਏ ਫੈਸਲਿਆਂ 'ਤੇ ਅਧਾਰਿਤ ਨਹੀਂ ਰਿਹਾ ਹੈ। ਇਸ ਦੀ ਬਜਾਏ, ਵਿਆਪਕ ਸਲਾਹ-ਮਸ਼ਵਰੇ ਦੇ ਨਾਲ ਅਜਿਹੇ ਸਿਧਾਂਤ-ਅਧਾਰਿਤ ਅਤੇ ਸੰਤੁਲਿਤ ਨਿਯਮ ਬਣਾਏ ਗਏ ਹਨ, ਜੋ ਕਿ ਨਵੀਨਤਾ ਨੂੰ ਹੁਲਾਰਾ ਵੀ ਦਿੰਦੇ ਹਨ ਅਤੇ ਨਾਗਰਿਕਾਂ ਦੇ ਅਧਿਕਾਰਾਂ ਦੀ ਰੱਖਿਆ ਵੀ ਕਰਦੇ ਹਨ। ਆਰਟੀਫਿਸ਼ੀਅਲ ਮੀਡੀਆ ਨੂੰ ਲੈ ਕੇ ਬਣਦਾ ਹੋਇਆ ਢਾਂਚਾ ਇਸੇ ਸੋਚ ਦੀ ਉਦਾਹਰਣ ਹੈ। ਸਪਸ਼ਟ ਪਰਿਭਾਸ਼ਾਵਾਂ, ਪਹਿਲਾਂ ਤੋਂ ਬਚਾਅ ਦੇ ਉਪਾਅ, ਲਾਜ਼ਮੀ ਪਾਰਦਰਸ਼ਿਤਾ, ਤੈਅ ਸਮੇਂ ਵਿੱਚ ਹੱਲ, ਅਪੀਲੀ ਨਿਗਰਾਨੀ ਅਤੇ ਜ਼ਿੰਮੇਵਾਰ ਏਆਈ ਲਈ ਨੀਤੀਗਤ ਮਾਰਗਦਰਸ਼ਨ, ਇਨ੍ਹਾਂ ਸਾਰਿਆਂ ਨੂੰ ਮਿਲ ਕੇ ਭਾਰਤ ਤੇ ਡਿਜੀਟਲ ਪਬਲਿਕ ਸੈਕਟਰ ਵਿੱਚ ਭਰੋਸੇ ਨੂੰ ਮਜ਼ਬੂਤ ਕਰ ਰਿਹਾ ਹੈ। ਅਸਲ ਚੁਣੌਤੀ ਭਰੋਸੇ ਦੀ ਹੈ ਕਿ ਤਕਨੀਕ, ਅਧਿਕਾਰਾਂ ਤੋਂ ਅੱਗੇ ਨਾ ਨਿਕਲ ਜਾਵੇ। ਪਲੈਟਫਾਰਮ ਜਵਾਬਦੇਹ ਬਣੇ ਰਹਿਣ ਅਤੇ ਸੰਸਥਾਵਾਂ ਨਾਗਰਿਕਾਂ ਨੂੰ ਹੋਣ ਵਾਲੇ ਨੁਕਸਾਨ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਕਾਰਵਾਈ ਕਰਨ। ਕਾਨੂੰਨੀ ਪ੍ਰਕਿਰਿਆਵਾਂ ਰਾਹੀਂ ਉਪਭੋਗਤਾਵਾਂ ਨੂੰ ਮਜ਼ਬੂਤ ਬਣਾਉਣਾ, ਡਿਜ਼ਾਈਨ ਦੇ ਪੱਧਰ 'ਤੇ ਹੀ ਪਾਰਦਰਸ਼ਿਤਾ ਨੂੰ ਸ਼ਾਮਲ ਕਰਨਾ ਅਤੇ ਸੰਸਥਾਗਤ ਨਿਗਰਾਨੀ ਨੂੰ ਮਜ਼ਬੂਤ ਕਰਨਾ ਇਹ ਇੱਕ-ਦੂਜੇ ਦੇ ਵਿਰੁੱਧ ਟੀਚਾ ਨਹੀਂ ਹੈ, ਸਗੋਂ ਇੱਕ ਮਜ਼ਬੂਤ ਡਿਜੀਟਲ ਲੋਕਤੰਤਰ ਦੀ ਬੁਨਿਆਦ ਹੈ। ਇਨ੍ਹਾਂ ਹੀ ਸਿਧਾਂਤਾਂ 'ਤੇ ਅਧਾਰਿਤ ਭਾਰਤ ਦੀ ਇਹ ਨੀਤੀ ਨਾ ਸਿਰਫ਼ ਦੇਸ਼ ਲਈ ਇੱਕ ਸਮਾਧਾਨ ਪੇਸ਼ ਕਰਦੀ ਹੈ, ਸਗੋਂ ਏਆਈ ਦੇ ਦੌਰ ਵਿੱਚ ਲੋਕਤੰਤਰੀ ਅਤੇ ਅਧਿਕਾਰਾਂ ਦਾ ਸਨਮਾਨ ਕਰਨ ਵਾਲੇ ਨਿਯਮਾਂ ਦਾ ਇੱਕ ਵਿਸ਼ਵਵਿਆਪੀ ਮਾਡਲ ਵੀ ਬਣ ਸਕਦਾ ਹੈ।

**(ਲੇਖਕ ਭਾਰਤ ਸਰਕਾਰ ਦੇ ਇਲੈਕਟ੍ਰੌਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਦੇ ਸਕੱਤਰ ਹਨ।)**

# ਲੰਬੀ ਹੇਕ, ਬਲੰਦ ਅਵਾਜ਼ ਦੀ ਮਲਕਾ ਗੁਰਮੀਤ ਬਾਵਾ ਨੂੰ ਯਾਦ ਕਰਦਿਆਂ

ਜ਼ਿਕਰ ਪੰਜਾਬ

ਪੰਜਾਬੀ ਲੋਕ ਗਾਇਕੀ ਦੇ ਵਿਹੜੇ ਅਨੇਕਾਂ ਗਾਇਕਾਵਾਂ ਨੇ ਪੈਰ ਰੱਖਿਆ, ਬਹੁਤ ਸਾਰੀਆਂ ਗਾਇਕਾਵਾਂ ਸਫਲ ਰਹੀਆਂ, ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦਿਆ ਪ੍ਰਸਿੱਧੀ ਖੱਟੀ, ਆਪਣੀ ਮੰਜ਼ਿਲ ਹਾਸਲ ਕੀਤੀ। ਸਾਫ-ਸੁਥਰੀ ਗਾਇਕੀ ਗਾਉਣ ਵਿੱਚ ਕਈ ਗਾਇਕਾਵਾਂ ਨਿਖਰੀਆਂ ਹਨ, ਜਿਨ੍ਹਾਂ ਵਿੱਚ ਉਪਰਲੀ ਕਤਾਰ ਦੇ ਨਾਵਾਂ ਵਿੱਚੋਂ ਇਕ ਨਾਂ ਬੜੇ ਅਦਬ ਨਾਲ ਲਿਆ ਜਾਂਦਾ ਹੈ, ਉਹ ਨਾਂ ਹੈ ਗੁਰਮੀਤ ਬਾਵਾ।

ਗੁਰਮੀਤ ਬਾਵਾ ਦਾ ਜਨਮ 18 ਫਰਵਰੀ, 1944 ਈ: ਨੂੰ ਮਾਤਾ ਰਾਮ ਕੌਰ ਦੀ ਕੁੱਖੋਂ, ਪਿਤਾ ਉੱਤਮ ਸਿੰਘ ਦੇ ਘਰ, ਪਿੰਡ ਕੋਠੇ, ਜਿਲ੍ਹਾ ਗੁਰਦਾਸਪੁਰ ਵਿਖੇ ਹੋਇਆ।ਗੁਰਮੀਤ ਬਾਵਾ ਦੀ ਮਾਤਾ ਉਨ੍ਹਾਂ ਦੀ ਬਹੁਤ ਛੋਟੀ ਉਮਰ 'ਚ ਚਲ ਵਸੀ, ਉਸ ਦੀ ਦਾਦੀ ਨੇ ਉਨ੍ਹਾਂ ਨੂੰ ਪਾਲਿਆ। ਉਸ ਦੇ ਚਾਰ ਭੈਣਾਂ ਤੇ ਇੱਕ ਭਰਾ ਹੈ। ਉਸ ਸਮੇਂ ਘਰ ਵਿੱਚ ਕੋਈ ਗਾਉਣ ਬਗੈਰਾ ਦਾ ਮਾਹੌਲ ਨਹੀਂ ਸੀ ਪਰ ਗੁਰਮੀਤ ਬਾਵਾ ਸਕੂਲ 'ਚ ਸ਼ਨਿਚਰਵਾਰ ਦੀ ਬਾਲ ਸਭਾ ਵਿੱਚ ਗਾਉਂਦੀ ਰਹਿੰਦੀ ਸੀ। ਅਧਿਆਪਕਾਂ ਵੱਲੋਂ ਪਿਆਰ ਤੇ ਹੌਂਸਲੇ ਨੇ ਗੁਰਮੀਤ ਬਾਵਾ ਦਾ ਉਤਸ਼ਾਹ ਬਹੁਤ ਵਧਾਇਆ।ਉਨ੍ਹਾਂ ਸਕੂਲ, ਕਾਲਜ ਦੀ ਵਿੱਦਿਆ ਹਾਸਲ ਕੀਤੀ ਤੇ ਜੇ.ਬੀ.ਟੀ ਪਹਿਲੀ ਇੰਟਰਵਿਊ ਵੇਲੇ ਹੀ ਉਨ੍ਹਾਂ ਨੂੰ ਰੱਖ ਲਿਆ ਗਿਆ। ਅਧਿਆਪਕਾ ਬਣ ਉਨ੍ਹਾਂ ਬੇ-ਸ਼ੁਮਾਰ ਬੱਚਿਆਂ ਨੂੰ ਤਾਲੀਮ ਦਿੱਤੀ। ਵਿਆਹ ਵੀ ਉਨ੍ਹਾਂ ਦਾ ਨੌਕਰੀ ਲੱਗਣ ਤੋਂ ਬਾਅਦ ਸੰਨ 1968 'ਚ ਕਿਰਪਾਲ ਸਿੰਘ ਬਾਵਾ ਨਾਲ ਹੋਇਆ ਕਿਰਪਾਲ ਸਿੰਘ ਬਾਵਾ ਵੀ ਇੱਕ ਚੰਗਾ ਗਾਇਕ ਸੀ। ਦੋਵਾਂ ਕਲਾਕਾਰਾਂ ਦੀ ਜੋੜੀ ਬਣ ਗਈ। ਗੁਰਮੀਤ ਬਾਵਾ ਨੇ ਸੰਗੀਤ ਦੀ ਸਿੱਖਿਆ ਨਰਿੰਦਰ ਚੰਚਲ ਤੋਂ ਸਿੱਖੀ ਤੇ ਚਲਦੀਆਂ ਰਸਮਾਂ ਮੁਤਾਬਕ ਗੁਰਮੀਤ ਬਾਵਾ ਨੇ ਨਰਿੰਦਰ ਚੰਚਲ ਨੂੰ ਹੀ ਆਪਣਾ ਉਸਤਾਦ ਧਾਰ ਲਿਆ।ਗੁਰਮੀਤ ਕੌਰ ਦਾ ਨਾਂ ਗੁਰਮੀਤ ਕੌਰ ਹੀ ਸੀ। ਬਾਵਾ ਤਾਂ ਉਸ ਦੇ ਵਿਆਹ ਤੋਂ ਬਾਅਦ ਨਾਮ ਨਾਲ ਜੁੜ ਗਿਆ ਕਿਉਂਕਿ ਉਨ੍ਹਾਂ ਦੇ ਪਤੀ ਦਾ ਨਾਂ ਕਿਰਪਾਲ ਬਾਵਾ ਸੀ। ਵਿਆਹ ਤੋਂ ਬਾਅਦ ਅੰਮ੍ਰਿਤਸਰ ਰਿਹਾਇਸ਼ ਕਰ ਲਈ।ਇਸ ਜੋੜੇ ਦੇ ਘਰ ਤਿੰਨ ਧੀਆਂ ਨੇ ਜਨਮ ਲਿਆ, ਜਿਨ੍ਹਾਂ ਦੇ ਨਾਮ ਲਾਚੀ ਬਾਵਾ, ਗਲੋਰੀ ਬਾਵਾ ਤੇ ਸਿਮਰਤ ਬਾਵਾ ਹਨ। ਗੁਰਮੀਤ ਬਾਵਾ ਨੇ ਕਿਰਪਾਲ ਸਿੰਘ ਬਾਵਾ ਨਾਲ ਸਟੇਜ਼ਾਂ ਤੇ ਗਾਉਣਾ ਸ਼ੁਰੂ ਕਰ ਦਿੱਤਾ। ਪਹਿਲਾ ਰੇਡਿਓ ਤੇ ਗਾਉਣ ਦੀ ਸ਼ੁਰੂਅਤ ਕੀਤੀ। 'ਕੋਰਾ-ਕੋਰਾ ਕੁੱਜਾ ਠੰਢੜਾ ਠਾਰ ਪਾਣੀ' ਇਹ ਗੀਤ ਬਾਵਾ ਦੇ ਮਨ ਪਸੰਦ ਦਾ ਗੀਤ ਸੀ, ਇਸ ਗੀਤ ਨਾਲ ਹੀ ਉਸ ਦੀ ਗਾਉਣ ਦੀ ਸ਼ੁਰੂਅਤ ਹੋਈ। ਇਹ ਸੰਨ 1969 ਦੀ ਗੱਲ੍ਹ ਹੈ। ਗੁਰਮੀਤ ਬਾਵਾ ਤੇ ਕਿਰਪਾਲ ਬਾਵਾ ਦੇ ਕਈ ਐਲ. ਪੀ. ਰਿਕਾਰਡ ਦੋਗਾਣੇ ਕਰਵਾਏ।

ਗੁਰਮੀਤ ਬਾਵਾ ਨੇ ਅੱਧੀ ਸਦੀ ਆਪਣੀ ਸਾਫ਼-ਸੁਥਰੀ ਗਾਇਕੀ ਦੇ ਦਮ ਤੇ ਲੋਕਾਂ, ਤੇ ਰਾਜ ਕੀਤਾ। ਬਾਵਾ ਦੀ ਪ੍ਰਸਿੱਧੀ ਦਾ ਕਾਰਨ ਉਸ ਦੀ 45 ਸਕਿੰਟ ਲੰਬੀ ਹੇਕ ਸੀ, ਜਿਸ ਨੇ ਇੱਕ ਰਿਕਾਰਡ ਕਾਇਮ ਕਰ ਦਿੱਤਾ। ਬਾਵਾ ਪਹਿਲੀ ਪੰਜਾਬੀ ਗਾਇਕਾ ਹੈ ਜੋ ਨੈਸ਼ਨਲ ਟੈਲੀਵਿਜ਼ਨ ਚੈਨਲ ਤੇ ਆਈ, ਦੂਰਦਰਸ਼ਨ ਤੇ ਆਪਣੀ ਪੇਸ਼ਕਾਰੀ ਵੀ ਕੀਤੀ।ਗੁਰਮੀਤ ਬਾਵਾ ਜਦ ਗਾਉਣ ਵੇਲੇ ਸਟੇਜ਼ ਤੇ ਖੱਬੇ ਹੱਥ ਨੂੰ ਕੰਨ ਉੱਤੇ ਰੱਖ, ਸੱਜੀ ਬਾਂਹ ਉੱਪਰ ਵੱਲ ਚੁੱਕ ਕੇ, ਜਦ ਲੰਬੀ ਹੇਕ ਲਾਉਂਦੀ ਤਾਂ ਸੁਣਨ ਵਾਲੇ ਸੋਚਾਂ 'ਚ ਡੁੱਬੇ, ਸਿਫਤਾ ਦੇ ਪਲ ਬੰਨਣ ਲੱਗ ਜਾਂਦੇ। ਬਾਵਾ ਦੀ ਗਾਇਕੀ 'ਚ ਪੰਜਾਬ ਦਾ ਅਸਲੀ ਸੰਗੀਤ ਹੈ।

ਗੁਰਮੀਤ ਬਾਵਾ ਦੇ ਕੁਝ ਗੀਤ ਇਸ ਪ੍ਰਕਾਰ ਹਨ ਮਲਕੀ ਕੀਮਾ, ਮਿਰਜ਼ਾ, ਟੱਪੇ, ਜੁਗਨੀ, ਸੁਹਾਗ, ਕੁਹਾਰੋ ਡੋਲੀ ਨਾ ਚਾਇਓ, ਅਜੇ ਬਾਬਲ ਆਇਆ ਨ੍ਹੀ, ਡਿੱਗ ਪਈ ਨੀ ਗੋਰੀ ਸ਼ੀਸ਼ ਮਹਿਲ ਤੋਂ, ਪਾ ਦਿਓ ਜੀ ਮੇਰੇ ਮਾਹੀ ਜੀ ਨੂੰ ਚਿੱਠੀਆਂ, ਚੀਰਾ ਤੇਰਾ ਮੱਲਾ ਸੋਹਣਾ ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ, ਜਿਹਦੀ ਟੁੱਟ ਜਾਵੇ ਪ੍ਰੀਤ ਜਿਹਦਾ ਰੁੱਸ ਜਾਵੇ ਮੀਤ, ਹਰੀਏ ਨੀ ਰਸ ਭਰੀਏ ਖਜੂਰੇ, ਕਿਨ੍ਹੇ ਦਿੱਤਾ ਏਨੀ ਦੂਰ ਨੀ, ਹਰ ਪ੍ਰਕਾਰ ਦਾ ਗਾਇਆ ਅਤੇ ਉਨ੍ਹਾਂ ਦੇ ਗੀਤ ਜਿਨ੍ਹਾਂ ਦੀ ਚੜ੍ਹਤ ਰਹੀ ਇਸ ਪ੍ਰਕਾਰ ਹਨ। ਮੇਰੀ ਭੋਲੀ ਨੀ ਮਾਂ ਕਿਸੇ ਨਾ ਆਖਿਆ ਰਹੋ, ਤੇਰੇ ਤੇ ਵਸਨੂੰ ਕੋਠੜੀਆਂ ਨੀ, ਤੇਰੇ ਕੱਤਣ ਨੂੰ ਵਿਹੜਾ ਗੋਰੀਏ।ਨੀ ਬੀਬੀ ਚੰਦਨ ਦੇ ਉਹਲੇ-ਉਹਲੇ ਕਿਉਂ ਖੜੀ, ਰੇਸ਼ਮਾ ਜਵਾਨ ਹੋ ਗਈ, ਆਵਾਜ਼ ਨਾ ਆਵੇ ਪੁਨੂੰ ਯਾਰ ਦੀ, ਵੇ ਲਿਆਦੇ ਚੰਬਾ ਲਾਵਾਂ ਘੜੇ ਦੇ ਕੋਲ ਮਿਰਜਾ ਤੁਰ ਪਿਆ, ਸਾਹਿਬਾਂ ਦਾ ਤਰਲਾ, ਵੀਰ ਮੇਰਿਆ ਜੁਗਨੀ ਕਹਿੰਦੀ ਐ ਜਿਹੜੀ ਨਾਮ ਸਾਈਂ ਦਾ ਲੈਂਦੀ ਐ।ਘੋੜੀਆ, ਸੱਸੀ-ਪਨੂੰ, ਜੱਗਾ, ਸੋਹਣੀ ਮਹੀਵਾਲ ਆਦਿ ਬਹੁਤ ਮਸ਼ਹੂਰ ਹੋਏ।

18 ਫਰਵਰੀ ਨੂੰ ਜਨਮ ਦਿਨ ਤੇ ਵਿਸ਼ੇਸ਼



ਗੁਰਮੀਤ ਬਾਵਾ ਨੇ ਲੋਕ ਗੀਤ, ਘੋੜੀਆਂ, ਸੁਹਾਗ, ਸਿੱਠਣੀਆਂ ਨੂੰ ਤਰਜੀਹ ਦਿੱਤੀ। ਜਦ ਬਾਵਾ ਹੇਕ ਲਾਉਂਦੀ ਸੀ ਤਾਂ ਫਿਜ਼ਾ 'ਚ ਰਸ ਘੋਲਦੀ ਅਵਾਜ਼ ਦਰਖਤਾਂ ਦੇ ਪੱਤਿਆਂ ਨੂੰ ਹਲੂਣਾ ਦਿੰਦੀ ਬਹੁਤ ਦੂਰ ਤੱਕ ਸੁਣਾਈ ਦਿੰਦੀ ਸੀ। ਸਰੋਤਿਆਂ ਨੂੰ ਕੀਲ ਬਿਠਾਉਣ ਦਾ ਉਸ ਕੋਲ ਵੱਲ ਸੀ।ਜਦ ਗੁਰਮੀਤ ਬਾਵਾ ਦੀ ਗਾਇਕੀ ਪੂਰੇ ਜੋਬਨ ਤੇ ਸੀ ਤਾਂ ਉਸ ਦਾ ਅਖਾੜਾ ਜਦੋਂ ਕਿਤੇ ਲੱਗਦਾ ਤਾਂ ਲੋਕ ਵਹੀਰਾਂ ਘੱਤ ਕੇ ਦੂਰੋਂ-ਦੂਰੋਂ ਆਉਂਦੇ ਸਨ, ਕਿਉਂਕਿ ਬਾਵਾ ਲੋਕ ਮਨਾਂ ਦੀ ਪਸੰਦੀ ਦੀ ਗਾਇਕਾ ਬਣ ਚੁੱਕੀ ਸੀ।

ਗੁਰਮੀਤ ਬਾਵਾ ਨੇ ਆਪਣੀ ਕਲਾ ਦੇ ਜੌਹਰ ਫਿਲਮਾਂ ਵਿੱਚ ਵੀ ਵਿਖਾਏ। ਜਿਵੇਂ:- ਬਦਲਾ, ਜ਼ੋਰਾ ਜੱਟ, ਬਲਵੀਰੋ ਭਾਬੀ, ਲਾਜੋ, ਸਰਪੰਚ ਆਦਿ ਫਿਲਮਾਂ ਵਿੱਚ ਗੀਤ ਗਾਏ। ਬਾਵਾ ਨੂੰ ਫਿਲਮਾਂ 'ਚ ਲਿਜਾਣ ਵਾਲਾ ਵਰਿੰਦਰ ਫਿਲਮੀ ਅਦਾਕਾਰ ਸੀ। ਬਾਵਾ ਨੇ ਅਨੇਕਾਂ ਗੀਤਕਾਰਾਂ ਦੇ ਗੀਤ ਨੂੰ ਤਰਜੀਹ ਦਿੱਤੀ ਜਿਵੇਂ:- ਚਮਨ ਲਾਲ ਸ਼ੁਗਲ, ਸੁਲੱਖਣ ਸਿੰਘ ਪ੍ਰੇਮੀ, ਸਨਮੁੱਖ ਸਿੰਘ ਆਜ਼ਾਦ, ਪ੍ਰੇਮੀ ਜੰਡਿਆਲੇ ਵਾਲਾ, ਸੂਬਾ ਕਮਾਲਪੁਰੀ, ਇੰਦਰਜੀਤ ਹਸਨਪੁਰੀ, ਚੰਨ ਗੁਰਾਇਆ ਵਾਲਾ, ਬਾਬੂ ਸਿੰਘ ਮਾਨ, ਸਾਜਨ ਰਾਏਕੋਟੀ, ਨੰਦ ਲਾਲ ਨੂਰਪੁਰੀ ਤੇ ਸਿਵ ਕੁਮਾਰ ਬਟਾਵਲੀ ਆਦਿ।

ਗੁਰਮੀਤ ਬਾਵਾ ਦੀਆਂ ਦੋ ਧੀਆਂ ਲਾਚੀ ਬਾਵਾ ਤੇ ਗਲੋਰੀ ਬਾਵਾ ਗਾਇਕੀ ਦੇ ਵਿਹੜੇ ਉਤਰੀਆਂ ਆਪਣਾ ਨਾਮਣਾ ਖੱਟਿਆ, ਦੋਵਾਂ ਦੀ ਆਵਾਜ਼ ਵੀ ਮਾਤਾ ਵਾਂਗੂ ਕਮਾਲ ਦੀ ਰਸ ਭਰੀ ਉਨ੍ਹਾਂ ਰੇਡਿਓ, ਟੀ.ਵੀ ਤੇ ਵੀ ਗਾਇਆ ਤੇ ਸਟੇਜ਼ਾ ਵੀ ਕੀਤੀਆ, ਲਾਚੀ ਸੰਗੀਤ ਦੀ ਵੀ ਲੈਕਚਰਾਰ ਸੀ।ਪਰ ਲਾਚੀ ਬਾਵਾ 12 ਫਰਵਰੀ 2020 ਨੂੰ ਕੈਂਸਰ ਦੀ ਨਾ-ਮੁਰਾਦ ਬਿਮਾਰੀ ਭੇਟ ਚੜ੍ਹ ਗਈ।

ਗੁਰਮੀਤ ਬਾਵਾ ਅੱਜ-ਕੱਲ੍ਹ ਗਾਉਣ ਵਾਲਿਆ ਵਾਂਗੂ ਬਹੁਤ ਸ਼ਾਜ ਤੇ ਸਾਜੀ ਨਹੀਂ ਰੱਖਦੀ ਸੀ, ਉਹ ਸੰਗੀਤਕ ਸ਼ੋਰ-ਸਰਾਬੇ ਤੋਂ ਦੂਰ ਰਹਿ ਕੇ ਗਾਉਣਾ ਪਸੰਦ ਕਰਦੀ ਸੀ ਆਮ ਜਿਹੇ ਸਾਜ ਹੀ ਹੁੰਦੇ ਸਨ ਜਿਵੇਂ:-ਇਕ ਤਰ੍ਹਾਂ ਤੂੰਬੀ, ਹਰਮੋਨੀਅਮ, ਚਿਮਟਾ, ਢੋਲਕੀ, ਘੜਾ, ਅਲਗੋਜ਼ੇ ਪਰਾਤਨ ਸਾਜ ਹੀ ਸੀ ਜਿਨ੍ਹਾਂ ਨਾਲ ਗਾਉਣ ਦਾ ਉਨ੍ਹਾਂ ਦਾ ਵੱਖਰਾ ਅੰਦਾਜ਼ ਹੀ ਸੀ। ਉਨ੍ਹਾਂ ਦੇ ਮੂੰਹੋਂ ਨਿਕਲਿਆ ਇੱਕ-ਇੱਕ ਸ਼ਬਦ ਸੁਣਨ ਵਾਲੇ ਸਰੋਤਿਆਂ ਦੇ ਮਨਾਂ 'ਚ ਘਰ ਕਰ ਬੈਠ ਦਾ ਸੀ। ਉਹ ਆਮ ਗਾਇਕਾਂ ਵਾਗੂ ਭੜਕੀਲੇ ਚਮਕਾਰੇ ਮਾਰਦੇ ਕੱਪੜੇ ਨਹੀਂ ਪਹਿਨ ਦੇ ਸਨ। ਸਾਦਾ ਹੀ ਪਹਿਰਾਵਾ ਉਨ੍ਹਾਂ ਨੂੰ ਚੰਗਾ ਲੱਗਦਾ ਸੀ।



ਦਰਸ਼ਨ ਸਿੰਘ ਪ੍ਰੀਤੀਮਾਨ

ਆਪਣੀ ਗਾਇਕੀ ਦੇ ਸਿਰ ਤੇ ਗੁਰਮੀਤ ਬਾਵਾ ਨੂੰ ਭਾਰਤ ਸਰਕਾਰ ਵੱਲੋਂ ਫੈਸਟੀਵਲ ਆਫ਼ ਇੰਡੀਆ ਇਨ ਥਾਈਲੈਂਡ, ਨਿਊਜ਼ੀਲੈਂਡ, ਫਰਾਂਸ, ਕਨੇਡਾ, ਆਸਟ੍ਰੇਲੀਆ, ਨਾਈਜ਼ੀਰੀਆ ਆਦਿ ਕੁਲ 32 ਦੇਸ਼ਾਂ ਵਿੱਚ ਜਾਣ ਦਾ ਮੌਕਾ ਮਿਲਿਆ ਕੁਲ 40 ਦੇਸ਼ਾ ਦੇ ਲੱਗ-ਭਗ ਬਾਵਾ ਨੇ ਆਪਣੀ ਗਾਇਕੀ ਦਾ ਲੋਹਾ ਅਜ਼ਮਾਇਆ।

ਗੁਰਮੀਤ ਬਾਵਾ ਦੀ ਲੰਬੀ ਹੇਕ, ਸਾਫ਼-ਸੁਥਰੀ ਗਾਇਕੀ, ਬੁਲੰਦ ਰਸੀਲੀ ਆਵਾਜ਼ ਸਦਕਾ ਪੁਰਸਕਾਰਾਂ (ਐਵਾਰਡਾਂ) ਦੀ ਵੀ ਲੜੀ ਲੰਬੀ ਹੈ, ਜਿਨ੍ਹਾਂ ਵਿੱਚੋਂ ਕੁਝ ਲਿਖ ਰਹੇ ਹਾਂ ਪੰਜਾਬੀ ਨਾਟਕ ਅਕੈਡਮੀ ਵੱਲੋਂ ਸਟੇਟ ਸੰਗੀਤ ਐਵਾਰਡ ਸੰਨ 1991 ਈ: ਨੂੰ, ਦੇਵੀ ਅਹਿੱਲਿਆ ਕੌਮੀ ਐਵਾਰਡ ਸੰਨ 2002 ਈ: ਨੂੰ, ਪੰਜਾਬੀ ਭਾਸ਼ਾ ਵਿਭਾਗ ਵੱਲੋਂ ਸ਼ੋਮਣੀ ਗਾਇਕਾ ਐਵਾਰਡ 2008 ਨੂੰ, ਕੇਂਦਰੀ ਸੱਭਿਆਚਾਰ ਮੰਤਰਾਲੇ ਵੱਲੋਂ ਰਾਸਟਰਪਤੀ ਸੰਗੀਤ ਅਕਾਦਮੀ ਐਵਾਰਡ ਰਾਸਟਰਪਤੀ ਵੱਲੋਂ 2011 ਈ: ਨੂੰ ਇਸ ਤੋਂ ਇਲਾਵਾ ਹੋਰ ਸੈਂਕੜੇ ਐਵਾਰਡ, ਇਨਾਮ, ਸਨਮਾਨਾਂ ਨਾਲ ਪੰਜਾਬ ਦੀ ਰੂਹ ਗੁਰਮੀਤ ਬਾਵਾ ਸਨਮਾਨਿਤ ਹੋ ਚੁੱਕੀ ਸੀ।

ਗੁਰਮੀਤ ਬਾਵਾ 77 ਸਾਲਾਂ ਨੂੰ ਪਹੁੰਚ ਚੁੱਕੀ ਸੀ।ਮਿਤੀ 21 ਨਵੰਬਰ, 2021 ਈ: ਦਿਨ ਐਤਵਾਰ ਸਮਾਂ 10 ਵੱਜ ਕੇ 30 ਮਿੰਟ ਤੇ ਗੁਰਮੀਤ ਬਾਵਾ ਨੇ ਆਖਰੀ ਸਾਹ ਲਿਆ। ਭਾਵੇਂ ਲੋਕ ਗਾਇਕ ਗੁਰਮੀਤ ਬਾਵਾ ਸਮਾਜ ਤੋਂ ਸਦਾ ਲਈ ਵਿਛੜ ਗਏ ਪਰ ਆਪਣੇ ਪਿੱਛੇ ਆਪਣੀ ਕਲਾ ਦੀਆਂ, ਆਪਣੀ ਰਸੀਲੀ ਅਵਾਜ਼, ਲੰਬੀ ਹੇਕ 'ਚ ਰਿਕਾਰਡ ਆਪਣੀਆਂ ਰਚਨਾਵਾਂ ਉਨ੍ਹਾਂ ਦੀ ਯਾਦ ਨੂੰ ਹਮੇਸ਼ਾਂ ਲਈ ਤਰੋ-ਤਾਜ਼ਾ ਰੱਖਣਗੀਆਂ। ਮਾਂ ਬੋਲੀ ਪੰਜਾਬੀ ਦੀ ਪਿਆਰੀ ਧੀ ਲੋਕ ਗਾਇਕ ਗੁਰਮੀਤ ਬਾਵਾ ਸਦਾ ਅਮਰ ਰਹੇ ਗੀ।

**ਰਾਮਪੁਰਾ (ਬਠਿੰਡਾ)**
**ਸੰਪਰਕ :** 97792-97682

# ਏਆਈ ਕਿਵੇਂ ਬਦਲ ਸਕਦੀ ਹੈ ਭਾਰਤ ਦੇ ਕਿਸਾਨਾਂ ਦੀ ਤਕਦੀਰ?

ਭਾਰਤ ਵਿੱਚ ਹੁਣ ਏਆਈ ਯਾਨੀ ਆਰਟੀਫਿਸ਼ੀਅਲ ਇੰਟੈਲੀਜੈਂਸ ਬਾਰੇ ਚਰਚਾ ਸਿਰਫ਼ ਨਵੀਂ ਤਕਨੀਕ ਵਜੋਂ ਨਹੀਂ ਹੋ ਰਹੀ ਹੈ। ਧਿਆਨ ਇਸ ਗੱਲ 'ਤੇ ਦਿੱਤਾ ਜਾ ਰਿਹਾ ਹੈ ਕਿ ਏਆਈ ਆਮ ਲੋਕਾਂ ਦੀਆਂ ਅਸਲ ਸਮੱਸਿਆਵਾਂ ਕਿਵੇਂ ਹੱਲ ਕਰ ਸਕਦੀ ਹੈ। ਖੇਤੀਬਾੜੀ ਅਤੇ ਫੂਡ ਸੈਕਟਰ ਇਸ ਦੀਆਂ ਸਭ ਤੋਂ ਵੱਡੀਆਂ ਉਦਾਹਰਣਾਂ ਹਨ, ਕਿਉਂਕਿ ਇੱਥੇ ਸਮੱਸਿਆਵਾਂ ਛੋਟੀਆਂ ਨਹੀਂ ਸਗੋਂ ਪੂਰੀ ਵਿਵਸਥਾ ਨਾਲ ਜੁੜੀਆਂ ਹਨ। ਇੱਥੇ ਕੋਈ ਵੀ ਤਕਨੀਕ ਉਦੋਂ ਹੀ ਸਫਲ ਹੋਵੇਗੀ ਜਦੋਂ ਉਹ ਮੌਸਮ, ਢੋਆ-ਢੁਆਈ ਅਤੇ ਬਜ਼ਾਰ ਜਿਹੀਆਂ ਸਥਾਨਕ ਸਥਿਤੀਆਂ ਨੂੰ ਸਮਝੇ। ਭਾਰਤ ਇੰਨਾ ਅੰਨ ਪੈਦਾ ਕਰਦਾ ਹੈ ਕਿ ਪੂਰੀ ਆਬਾਦੀ ਦਾ ਪੇਟ ਭਰ ਸਕੇ, ਫਿਰ ਵੀ ਹਰ ਸਾਲ ਲਗਭਗ 6.8 ਕਰੋੜ ਟਨ ਭੋਜਨ ਬਰਬਾਦ ਹੋ ਜਾਂਦਾ ਹੈ। ਵਾਢੀ ਦੇ ਬਾਅਦ ਤੋਂ 35 ਤੋਂ 40 ਪ੍ਰਤੀਸ਼ਤ ਫਲ ਅਤੇ ਸਬਜ਼ੀਆਂ ਖਰਾਬ ਹੋ ਜਾਂਦੀਆਂ ਹਨ। ਇਹ ਸਮੱਸਿਆ ਉਤਪਾਦਨ ਦੀ ਕਮੀ ਦੀ ਨਹੀਂ, ਸਗੋਂ ਸਮੇਂ ਸਿਰ ਸਹੀ ਜਾਣਕਾਰੀ ਅਤੇ ਬਿਹਤਰ ਵਿਵਸਥਾ ਨਾ ਹੋਣ ਦੀ ਹੈ। ਯਾਨੀ ਖੇਤ ਤੋਂ ਬਜ਼ਾਰ ਤੱਕ ਤਾਲਮੇਲ ਦੀ ਘਾਟ ਹੈ ਅਤੇ ਫੈਸਲੇ ਸਮੇਂ ਸਿਰ ਨਹੀਂ ਹੋ ਪਾਉਂਦੇ। ਅਜਿਹੇ ਵਿੱਚ ਭਾਰਤੀ ਸਥਿਤੀਆਂ ਦੇ ਅਨੁਸਾਰ ਬਣਾਈ ਗਈ ਏਆਈ ਇਸ ਨੁਕਸਾਨ ਨੂੰ ਘੱਟ ਕਰਨ ਵਿੱਚ ਵੱਡੀ ਭੂਮਿਕਾ ਨਿਭਾ ਸਕਦੀ ਹੈ। ਕਿਊਜੈਂਸ ਲੈਬਸ ਵਿੱਚ ਅਸੀਂ ਇਸ ਗੱਲ 'ਤੇ ਗੌਰ ਕੀਤਾ ਕਿ ਭਾਰਤ ਦੀ ਡਿਜੀਟਲ ਵਿਵਸਥਾ ਨੇ ਭੁਗਤਾਨ, ਪਛਾਣ ਅਤੇ ਸੇਵਾਵਾਂ ਨੂੰ ਬਦਲ ਦਿੱਤਾ ਹੈ, ਪਰ ਖੁਰਾਕ ਦੇ ਖੇਤਰ ਵਿੱਚ ਗੁਣਵੱਤਾ ਦੀ ਜਾਂਚ ਹੁਣ ਵੀ ਪੁਰਾਣੇ ਢੰਗਾਂ ਨਾਲ ਹੁੰਦੀ ਹੈ। ਇਸੇ ਸੋਚ ਦੇ ਨਾਲ ਅਸੀਂ QScan ਨਾਮ ਦੀ ਏਆਈ ਤਕਨੀਕ ਵਿਕਸਿਤ ਕੀਤੀ, ਜੋ ਕਿ ਇਨਫ?ਰਾਡੇਡ ਤਕਨੀਕ ਅਤੇ ਆਰਟੀਫਿਸ਼ੀਅਲ ਢੰਗ ਨਾਲ ਸੁੰਘਣ ਦੀ ਮਦਦ ਨਾਲ ਫਲਾਂ-ਸਬਜ਼ੀਆਂ ਦੇ ਅੰਦਰ ਦੀ ਗੁਣਵੱਤਾ ਨੂੰ ਪਛਾਣ ਕੇ ਤੁਰੰਤ ਕੰਮ ਆਉਣ ਵਾਲੀ ਜਾਣਕਾਰੀ ਦਿੰਦੀ ਹੈ। ਉਦਾਹਰਣ ਦੇ ਤੌਰ 'ਤੇ ਕੋਈ ਫਲ ਜਾਂ ਸਬਜ਼ੀ ਕਿੰਨੇ ਦਿਨਾਂ ਤੱਕ ਚੱਲ ਸਕਦੀ ਹੈ, ਕਿੰਨੇ ਦਿਨਾਂ ਤੱਕ ਸਟੋਰ ਕਰ ਸਕਦੇ ਹਾਂ ਆਦਿ। ਇਸ ਦਾ ਮਕਸਦ ਘੱਟ ਮੁਨਾਫੇ 'ਤੇ ਕੰਮ ਕਰਨ ਵਾਲੇ ਕਿਸਾਨਾਂ, ਦੁਕਾਨਦਾਰਾਂ ਅਤੇ ਗ੍ਰਾਹਕਾਂ ਦੀ ਉਲਝਣ ਨੂੰ ਘੱਟ ਕਰਨਾ ਹੈ। ਅਨੁਭਵ ਦੱਸਦੇ ਹਨ ਕਿ ਏਆਈ ਤਦ ਹੀ ਸਫਲ ਹੋਵੇਗਾ ਜਦੋਂ ਉਹ ਭਾਰਤ ਦੀਆਂ ਅਸਲ ਸਥਿਤੀਆਂ ਨੂੰ ਸਮਝੇ। ਵਿਦੇਸ਼ਾਂ ਦੇ ਡੇਟਾ 'ਤੇ ਬਣੇ ਮਾਡਲ ਭਾਰਤ ਜਿਹੇ ਵਿਭਿੰਨ ਦੇਸ਼ਾਂ ਵਿੱਚ ਅਕਸਰ ਸਹੀ ਕੰਮ ਨਹੀਂ ਕਰਦੇ, ਕਿਉਂਕਿ ਹਰ ਖੇਤਰ ਵਿੱਚ ਫਸਲ, ਮੌਸਮ, ਭੰਡਾਰਣ ਅਤੇ ਬਜ਼ਾਰ ਵੱਖਰੇ ਹਨ। ਜੇਕਰ ਏਆਈ ਭਾਰਤੀ ਹਾਲਾਤ ਨੂੰ ਨਹੀਂ ਸਮਝੇਗਾ, ਤਾਂ ਉਹ ਬੇਕਾਰ ਸਾਬਤ ਹੋ ਸਕਦਾ ਹੈ ਜਾਂ ਗਲਤ ਸਿੱਟੇ ਵੀ ਦੇ ਸਕਦਾ ਹੈ। ਇਸੇ ਕਾਰਨ ਸਵਦੇਸ਼ੀ ਏਆਈ 'ਤੇ ਜ਼ੋਰ ਦੇਣਾ ਸਮੇਂ ਦੀ ਜ਼ਰੂਰਤ ਹੈ। ਸਰਕਾਰ ਦੀ IndiaAI Mission ਪਹਿਲ ਦਰਸਾਉਂਦੀ ਹੈ ਕਿ ਹੁਣ ਏਆਈ ਨੂੰ ਸਿਰਫ਼ ਉੱਨਤ ਤਕਨੀਕ ਨਹੀਂ, ਸਗੋਂ ਦੇਸ਼ ਦੇ ਵਿਕਾਸ ਦਾ ਜ਼ਰੂਰੀ ਸਾਧਨ ਮੰਨਿਆ ਜਾ ਰਿਹਾ ਹੈ। ਭਾਰਤੀ ਡੇਟਾ, ਦੇਸ਼ ਵਿੱਚ ਬਣੇ ਸਮਾਧਾਨ ਅਤੇ ਵੱਖ-ਵੱਖ ਖੇਤਰਾਂ ਲਈ ਖਾਸ ਤਕਨੀਕ ਨੂੰ ਹੁਲਾਰਾ ਦੇ ਕੇ ਅਜਿਹਾ ਮਾਹੌਲ ਬਣਾਇਆ ਜਾ ਰਿਹਾ ਹੈ, ਜਿੱਥੇ ਨਵੀਨਤਾ ਸਿੱਧੇ ਲੋਕਾਂ ਦੀਆਂ ਜ਼ਰੂਰਤਾਂ ਨਾਲ ਜੁੜੀ ਹੋਵੇ। ਖੁਰਾਕ ਅਤੇ ਖੇਤੀਬਾੜੀ ਦਾ ਖੇਤਰ ਦੱਸਦਾ ਹੈ ਕਿ ਇਹ ਕਿਉਂ ਜ਼ਰੂਰੀ ਹੈ। ਜੇਕਰ ਵਾਢੀ ਤੋਂ ਬਾਅਦ ਹੋਣ ਵਾਲਾ ਨੁਕਸਾਨ ਘੱਟ ਹੋ ਜਾਵੇ, ਤਾਂ ਕਿਸਾਨਾਂ ਦੀ ਆਮਦਨ ਵਧੇਗੀ, ਭੋਜਨ ਦੀਆਂ ਕੀਮਤਾਂ ਸਥਿਰ ਰਹਿਣਗੀਆਂ ਅਤੇ ਪਾਣੀ, ਜ਼ਮੀਨ ਅਤੇ ਊਰਜਾ ਦੀ ਬੱਚਤ ਹੋਵੇਗੀ। ਇਸ ਨਾਲ ਵਾਤਾਵਰਣ ਨੂੰ ਵੀ ਫਾਇਦਾ ਹੋਵੇਗਾ ਅਤੇ ਪੂਰੀ ਵਿਵਸਥਾ ਵਧੇਰੇ ਮਜ਼ਬੂਤ ਬਣੇਗੀ। ਇੱਕ ਹੋਰ ਜ਼ਰੂਰੀ ਪਹਿਲੂ ਹੈ ਸਾਰਿਆਂ ਦੀ ਭਾਗੀਦਾਰੀ। ਏਆਈ ਅਜਿਹਾ ਹੋਣਾ ਚਾਹੀਦਾ ਹੈ ਜੋ ਛੋਟੇ ਕਿਸਾਨਾਂ, ਸਥਾਨਕ ਭਾਸ਼ਾਵਾਂ ਅਤੇ ਛੋਟੇ ਬਜ਼ਾਰਾਂ ਵਿੱਚ ਵੀ ਅਸਾਨੀ ਨਾਲ ਕੰਮ ਕਰ ਸਕੇ। ਜੋ ਤਕਨੀਕ ਲੋਕਾਂ 'ਤੇ ਫੈਸਲੇ ਥੋਪਦੀ ਹੈ, ਉਸ 'ਤੇ ਭਰੋਸਾ ਨਹੀਂ ਬਣੇਗਾ। ਪਰ ਜੋ ਤਕਨੀਕ ਲੁਕੀ ਹੋਈ ਜਾਣਕਾਰੀ ਨੂੰ ਅਸਾਨ ਢੰਗ ਨਾਲ ਸਾਹਮਣੇ ਲਿਆ ਕੇ ਬਿਹਤਰ ਫੈਸਲੇ ਲੈਣ ਵਿੱਚ ਮਦਦ ਕਰੇਗੀ, ਉਹੀ ਲੰਬੇ ਸਮੇਂ ਤੱਕ ਟਿਕੇਗੀ ਅਤੇ ਫੈਲ ਸਕੇਗੀ। 16 ਤੋਂ 20 ਫਰਵਰੀ 2026 ਨੂੰ ਨਵੀਂ ਦਿੱਲੀ ਵਿੱਚ ਹੋਣ ਵਾਲੀ India AI Impact Summit ਅਜਿਹੇ ਸਮੇਂ ਵਿੱਚ ਹੋ ਰਹੀ ਹੈ ਜਦੋਂ ਦੁਨੀਆ ਏਆਈ ਦੇ ਅਸਰ ਬਾਰੇ ਗੰਭੀਰ ਚਰਚਾ ਕਰ ਰਹੀ ਹੈ। ਭਾਰਤ ਕੋਲ ਮੌਕਾ ਹੈ ਕਿ ਉਹ ਅਜਿਹਾ ਰਸਤਾ ਦਿਖਾਏ ਜਿੱਥੇ ਏਆਈ ਆਮ ਲੋਕਾਂ ਦੇ ਕੰਮ ਆਏ, ਸਥਾਨਕ ਜ਼ਰੂਰਤਾਂ ਨੂੰ ਸਮਝੇ ਅਤੇ ਅਸਲੀ ਆਰਥਿਕ ਵਿਵਸਥਾਵਾਂ ਨਾਲ ਜੁੜੀ ਹੋਵੇ। ਖੇਤੀਬਾੜੀ, ਫੂਡ ਸਪਲਾਈ ਅਤੇ ਜਲਵਾਯੂ ਨਾਲ ਜੁੜੀਆਂ ਚੁਣੌਤੀਆਂ ਇਸ ਦਿਸ਼ਾ ਦੇ ਕੇਂਦਰ ਵਿੱਚ ਹਨ। ਇਹ ਵੀ ਸਮਝਣਾ ਜ਼ਰੂਰੀ ਹੈ ਕਿ ਏਆਈ ਆਪਣੇ-ਆਪ ਤਬਦੀਲੀ ਨਹੀਂ ਲਿਆਉਂਦੀ। ਇਸ ਲਈ ਸਹੀ ਸਮਝ, ਸਹੀ ਨੀਤੀ ਅਤੇ ਮਿਲ ਕੇ ਕੰਮ ਕਰਨਾ ਪੈਂਦਾ ਹੈ। ਪਰ ਜਦੋਂ ਇਸ ਨੂੰ ਸਹੀ ਢੰਗ ਨਾਲ ਅਪਣਾਇਆ ਜਾਂਦਾ ਹੈ, ਤਾਂ ਇਹ ਬਿਨਾ ਸ਼ੋਰ ਕੀਤੇ ਵੱਡੀਆਂ ਤਬਦੀਲੀਆਂ ਲਿਆ ਸਕਦੀ ਹੈ। ਇੰਪੈਕਟ ਸਮਿਟ ਦੇ ਮੱਦੇਨਜ਼ਰ ਅਸਲੀ ਚੁਣੌਤੀ ਏਆਈ ਨੂੰ ਤੇਜ਼ੀ ਨਾਲ ਅਪਣਾਉਣ ਦੀ ਨਹੀਂ, ਸਗੋਂ ਸੋਚ-ਸਮਝ ਕੇ ਸਹੀ ਜਗ੍ਹਾ ਇਸਤੇਮਾਲ ਕਰਨ ਦੀ ਹੈ। ਅੰਤ ਵਿੱਚ ਸਫਲਤਾ ਦਾ ਅਸਲੀ ਪੈਮਾਨਾ ਇਹੀ ਹੋਣਾ ਚਾਹੀਦਾ ਹੈ ਕਿ ਕੀ ਏਆਈ ਨਾਲ ਖੁਰਾਕ ਦੀ ਬਰਬਾਦੀ ਘੱਟ ਹੁੰਦੀ ਹੈ, ਕੀ ਕਿਸਾਨਾਂ ਦੀ ਆਮਦਨ ਵਧਦੀ ਹੈ ਅਤੇ ਕੀ ਦੇਸ਼ ਦੀ ਵਿਵਸਥਾ ਮਜ਼ਬੂਤ ਹੁੰਦੀ ਹੈ।



ਸੁਸ਼੍ਰੀ ਰੂਬਲ ਚਿਬ, ਸਹਿ-ਸੰਸਥਾਪਕ, ਕਿਊਜੈਂਸ ਲੈਬਸ

# ਵਿਦਿਆਰਥੀ ਭਵਿੱਖ ਤੇ ਅੰਧਕਾਰ ਦਾ ਛਾਇਆ

ਜ਼ਿਕਰ ਪੰਜਾਬ

ਪੰਜਾਬ ਵਿੱਚ ਪ੍ਰਤੀ ਦਿਨ ਗੋਲੀ ਕਲਚਰ ਪੈਰ ਪਸਾਰ ਰਿਹਾ ਹੈ। ਨਵੇਂ ਵਰ੍ਹੇ ਦੀ ਸ਼ੁਰੂਆਤ ਤੋਂ ਲੈਂ ਕੇ ਅਜਿਹਾ ਕੋਈ ਦਿਨ ਨਹੀਂ ਜਦੋਂ ਪੰਜਾਬ ਦੀਆਂ ਖ਼ਬਰਾਂ ਵਿੱਚ ਕੋਈ ਦਿਨ ਕੋਈ ਵਿਅਕਤੀ ਗੋਲੀ ਦੀ ਭੇਂਟ ਨਾ ਚੜਿ ਆ ਹੋਵੇ। ਇਵੇਂ ਲਗਦਾ ਹੈ ਕਿ ਜਿਵੇਂ ਮਾਨ ਸਰਕਾਰ ਲਾਅ ਐਂਡ ਆਰਡਰ ਦੀ ਵਿਵਸਥਾ ਵਿੱਚ ਕਿਤੇ ਨਾ ਕਿਤੇ ਪਿੱਛੜ ਰਹੀ ਹੈ, ਜਿਸ ਕਾਰਨ ਪ੍ਰਸ਼ਾਸ਼ਨ ਤੇ ਕਾਨੂੰਨ ਵਿਵਸਥਾ ਤੇ ਸਵਾਲੀਆ ਨਿਸ਼ਾਨ ਖੜ੍ਹੇ ਹੋਣਾ ਲਾਜ਼ਮੀ ਬਣ ਜਾਂਦਾ ਹੈ। ਆਪ ਸਰਕਾਰ ਦੇ ਦਿੱਗਜ਼ ਨੇਤਾ ਤੇ ਆਗੂਆ ਨੂੰ ਸ਼ਰ੍ਹੇਆਮ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ। ਜਦੋਂ ਸਰਕਾਰ ਦੇ ਵਜੀਰ ਹੀ ਸੁਰੱਖਿਅਤ ਨਹੀਂ ਹਨ ਫਿਰ ਆਮ ਆਦਮੀ ਕਿਵੇਂ ਸਰੱਖਿਅਤ ਮਹਿਸੂਸ ਕਰ ਸਕਦਾ ਹੈ। ਗੈਂਗਸਟਰਵਾਦ ਗੋਲੀਕਲਚਰ ਦੀ ਅੱਗ ਇੰਨੀ ਫੈਲ ਗਈ ਕੇ ਇਹ ਹੁਣ ਸਕੂਲ ਕਾਲਜ ਦੇ ਦਰਵਾਜ਼ੇ ਲੰਘ ਗਈ ਹੈ ਜਿਸ ਨਾਲ ਵਿਦਿਆਰਥੀ ਜੀਵਨ ਬਹੁਤ ਪ੍ਰਭਾਵਿਤ ਹੀ ਨਹੀਂ ਹੋ ਰਿਹਾ ਸਗੋਂ ਪ੍ਰਦੂਸ਼ਿਤ ਹੋ ਰਿਹਾ ਹੈ। ਤਰਨਤਾਰਨ ਦੇ ਪਿੰਡ ਉਸਮਾ ਵਿਖੇ ਪੰਜਾਬ ਲਾਅ ਕਾਲਜ ਵਿੱਚ ਵਾਪਰੀ ਘਟਨਾ ਨੇ ਪੂਰੇ ਵਿਦਿਆਰਥੀ ਖ਼ੇਮੇ ਤੇ ਮਾਪਿਆਂ ਨੂੰ ਡੂੰਘੀ ਚਿੰਤਾ ਵਿੱਚ ਡੁੱਬੋ ਦਿੱਤਾ ਹੈ। ਮਾਪਿਆਂ ਲਈ ਇਹ ਘਟਨਾਕ੍ਰਮ ਅਤਿ ਸੰਵੇਦਨਸ਼ੀਲ ਤੇ ਦਰਦਨਾਕ ਹੈ। ਭਾਵੇਂ ਕਿ ਇੱਥੇ ਕਹਿਣਾ ਇਹ ਵਾਜਿਬ ਨਹੀਂ ਹੈ ਕਿ ਸਕੂਲਾਂ ਕਾਲਜਾਂ ਵਿੱਚ ਲੜਾਈ ਝਗੜੇ ਅਕਸਰ ਹੁੰਦੇ ਰਹਿੰਦੇ ਹਨ ਜ਼ੋ ਕਿ ਕਦੇ ਵੀ ਵਿਦਿਆਰਥੀ ਜੀਵਨ ਲਈ ਲਾਭਦਾਇਕ ਨਹੀਂ ਹਨ ਪਰ ਕਿਸੇ ਸਟੂਡੈਂਟ ਦਾ ਕਿਸੇ ਦੂਜੇ ਸਟੂਡੈਂਟ ਤੇ ਗੋਲੀ ਚਲਾ ਦੇਣਾ ਮੰਦਭਾਗਾ ਹੈ ਤੇ ਕਿਸੇ ਕੁੜੀ ਤੇ ਗੋਲੀ ਚਲਾਉਣ ਅਤਿ ਦੁਖਦਾਈ ਹੈ। ਇਹ ਸਮਾਜ ਤੇ ਇਸਤਰੀ ਸੁਰੱਖਿਆ ਤੇ ਸਵਾਲ ਤਾਂ ਹੈ ਹੀ ਹੈ, ਇੱਕ ਧੱਬਾ ਵੀ ਹੈ ਜੋ ਕਿ ਸਿਹਤਮੰਦ ਸਮਾਜ ਲਈ ਕਦੇ ਵੀ ਚੰਗਾ ਨਹੀਂ ਹੈ। ਵਿਦਿਆਰਥੀ ਕਲਾਸ ਵਿੱਚ ਲਾਅ ਦੇ ਵਿਦਿਆਰਥੀ ਕੋਲੋ ਅਜਿਹੀ ਘਟਨਾ ਨੂੰ ਅੰਜ਼ਾਮ ਦੇਣਾ ਸਮਾਜ ਵਿੱਚ ਗੰਧਲੇਪਣ ਦਾ ਸੁਨੇਹਾ ਹੈ। ਪਰਿਵਾਰ ਮੁਤਾਬਿਕ ਲੜਕੀ ਨੂੰ ਲੜਕੇ ਵੱਲੋਂ ਵਾਰ ਵਾਰ ਪ੍ਰਪੋਜ਼ ਕਰਨਾ ਤੰਗ ਪ੍ਰੇਸ਼ਾਨ ਕਰਨਾ ਤੇ ਲੜਕੀ ਵੱਲੋਂ ਹਰ ਵਾਰ ਮਨਾ ਕਰਨਾ ਤੇ ਆਪਣੀਂ ਪੜ੍ਹਾਈ ਵੱਲ ਧਿਆਨ ਦੇਣ ਨੂੰ ਤੇ ਇੱਕ ਪਾਸੜ ਪਿਆਰ ਦੀ ਕੀਮਤ ਮੌਤ ਦੇ ਰੂਪ ਵਿੱਚ ਅਦਾ ਕਰਨੀ ਪਈ ਹੈ। ਭਾਵੇਂ ਕਿ ਲੜਕੇ ਨੇ ਵੀ ਆਵਦੀ ਜੀਵਨ ਲੀਲਾ ਖਤਮ ਕਰ ਲਈ ਪਰ ਹੈ ਤਾਂ ਬੇਵਕੂਫ਼ ਤੇ ਮੰਦਭਾਗਾ ਹੈ੍ ਜਿਸ ਵਿਦਿਆਰਥੀ ਨੂੰ ਪੜ੍ਹਾਇਆ ਹੀ ਇਨਸਾਫ਼ ਦਾ ਪਾਠ ਜਾਂਦਾ ਹੈ ਓਹ ਕਿਵੇਂ ਕਿਸੇ ਦੇ ਹੱਕ ਖੋ ਸਕਦਾ ਹੈ ਸਵਾਲ ਪੜ੍ਹਾਉਣ ਵਾਲਿਆਂ ਤੇ ਵੀ ਪੈਦਾ ਹੁੰਦਾ ਹੈ ,ਕਿ ਇਨਸਾਫ਼ ਦਾ ਪਾਠ ਨਹੀਂ ਪੜ੍ਹਾਇਆ ਜਾ ਇਨਸਾਨੀਅਤ ਦਾ ਪਾਠ ਨਹੀਂ। ਇੱਥੇ ਸਵਾਲ ਇਹ ਵੀ ਖੜ੍ਹਾ ਹੁੰਦਾ ਹੈ ਕਿ ਕਿਤਾਬਾਂ ਵਾਲੇ ਹੱਥਾਂ ਵਿੱਚ ਪਿਸਤੌਲ ਕਿਵੇਂ ਆਇਆ, ਫਿਰ ਪਿਸਤੌਲ ਘਰ ਕਿਵੇਂ ਆਇਆ ,ਫਿਰ ਪਿਸਤੌਲ ਕਾਲਜ ਤੋਂ ਕਲਾਸ ਰੂਮ ਤੱਕ ਕਿਵੇਂ ਪਹੁੰਚਿਆ। ਇਸ ਦਾ ਕਿਸੇ ਨੂੰ ਪਤਾ ਹੀ ਨਹੀਂ ਹੈ ਕਿ ਵਿਦਿਆਰਥੀ ਆਪਣੇ ਨਾਲ ਜਾਨਲੇਵਾ ਹਥਿਆਰ ਰੱਖ ਰਹੇ ਹਨ। ਤੇ ਕੋਈ ਚੈਕਿੰਗ ਵੀ ਨਹੀਂ ਕਰ ਰਿਹਾ। ਸਕੂਲ ਕਾਲਜ ਵਿੱਚ ਅਜਿਹੀਆਂ ਘਟਨਾਵਾਂ ਹੋਣ ਨਾਲ ਬੱਚਿਆਂ ਤੇ ਬੁਰਾ ਅਸਰ ਪੈਂਦਾ ਹੈ ਤੇ ਮਾਪੇ ਤਾਂ ਬਹੁਤ ਵੱਡੀ ਦੁਬਿੱਧਾ ਵਿੱਚ ਫਸ ਜਾਂਦੇ ਹਨ੍ ਸਕੂਲਾਂ ਕਾਲਜਾਂ ਵਿੱਚ ਸਖਤੀ ਹੋਣੀ ਬਹੁਤ ਜ਼ਰੂਰੀ ਹੈ ਹੋ ਸਕੇ ਮੋਬਾਇਲ ਫੋਨਾਂ ਤੇ ਵੀ ਸਖਤੀ ਹੋਣੀ ਚਾਹੀਦੀ ਹੈ ਤਾਂ ਜੋ ਅਜਿਹੇ ਵਰਤਾਰਿਆਂ ਤੋਂ ਬਚਿਆ ਜਾ ਸਕੇ੍ ਇਸ ਘਟਨਾ ਨਾਲ ਕੁੜੀਆ ਦੇ ਅਕਸ ਤੇ ਬਹੁਤ ਬੁਰਾ ਪ੍ਰਭਾਵ ਪਵੇਗਾ ਜਿਸ ਨਾਲ ਮਾਪੇ ਕੁੜੀਆ ਨੂੰ ਬਾਹਰ ਭੇਜਣ ਤੋਂ ਡਰਨਗੇ ਤੇ ਕੁੜੀਆ ਦੇ ਵਿਕਾਸ ਤੇ ਆਜ਼ਾਦੀ ਤੇ ਬੁਰਾ ਅਸਰ ਹੋਵੇਗਾ। ਮਾਤਾ ਪਿਤਾ ਵਿੱਚ ਡਰ ਦਾ ਮਾਹੌਲ ਬਣਿਆ ਰੇਹਗਾ।



ਅਜਿਹੀਆਂ ਘਟਨਾਵਾਂ ਤੋਂ ਬਚਣ ਲਈ ਮਾਪਿਆਂ ਅਧਿਆਪਕਾ ਪ੍ਰੋਫ਼ੈਸਰਾਂ ਤੇ ਕਾਨੂੰਨ ਨੂੰ ਸਖ਼ਤ ਹੋਣਾ ਬਹੁਤ ਜ਼ਰੂਰੀ ਹੈ, ਜਿਸ ਨਾਲ ਭਵਿੱਖ ਵਿੱਚ ਬਚਿਆ ਜਾ ਸਕਦਾ ਹੈ ਅਤੇ ਬੱਚਿਆਂ ਨੂੰ ਗਲਤ ਰਾਹ ਤੋਂ ਬਚਾਇਆ ਜਾ ਸਕਦਾ ਹੈ।

ਸੋ ਬੱਚਿਆਂ ਤੇ ਸਮਾਜ ਦੇ ਚੰਗੇਰੇ ਭਵਿੱਖ ਦੀ ਆਸ ਤੇ ਅਰਦਾਸ ਕਰੀਏ।

**ਬਲਵੀਰ ਸਿੰਘ ਵਾਲੀਆ**
**ਰਾਮਾਂ ਨੰਦੀ ਮਾਨਸਾ, ਸੰਪ :** 94632 35728

# ਦੇਸ਼ ਭਗਤ ਯਾਦਗਾਰੀ ਸੁਸਾਇਟੀ ਪੰਜਾਬ ਦੀ ਕਾਰਜਕਾਰਨੀ ਹੋਈ ਭੰਗ

## 30 ਦਿਨਾਂ ਅੰਦਰ ਹੋਵੇਗਾ ਨਵੀਂ ਕਾਰਜਕਾਰਨੀ ਦਾ ਗਠਨ : ਬਾਵਾ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**

ਦੇਸ਼ ਭਗਤ ਯਾਦਗਾਰੀ ਸੁਸਾਇਟੀ ਪੰਜਾਬ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਨੇ ਇੱਥੇ ਜਾਰੀ ਇੱਕ ਬਿਆਨ ਰਾਹੀਂ ਕਿਹਾ ਕਿ ਦੇਸ਼ ਭਗਤ ਯਾਦਗਾਰੀ ਸੁਸਾਇਟੀ ਪੰਜਾਬ ਦੀ ਸਮੁੱਚੀ ਕਾਰਜਕਾਰਨੀ ਭੰਗ ਕੀਤੀ ਜਾਂਦੀ ਹੈ। ਉਹਨਾਂ ਕਿਹਾ ਕਿ 30 ਦਿਨ ਅੰਦਰ ਨਵੀਂ ਕਾਰਜਕਾਰਨੀ ਦਾ ਗਠਨ ਕਰਾਂਗੇ। ਬਾਵਾ ਨੇ ਕਿਹਾ ਕਿ ਸੁਸਾਇਟੀ 1925 ਵਿੱਚ ਹੋਂਦ ਵਿੱਚ ਆਈ ਅਤੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਜੀ ਦੀ ਸਰਪ੍ਰਸਤੀ ਹੇਠ ਸੁਤੰਤਰਤਾ ਸੰਗਰਾਮ ਲਈ ਮੋਹਰੀ ਰੋਲ ਅਦਾ ਕੀਤਾ। ਉਹਨਾਂ ਦੱਸਿਆ ਕਿ ਸਾਬਕਾ ਵਿਧਾਇਕ ਦੀਵਾਨ ਜਗਦੀਸ਼ ਚੰਦਰ ਜੀ ਸੁਸਾਈਟੀ ਦੇ ਲੰਮਾ ਸਮਾਂ ਪ੍ਰਧਾਨ ਰਹੇ। ਫਿਰ ਖੰਨਾ ਤੋਂ ਉੱਘੇ ਸੁਤੰਤਰਤਾ ਸੰਗਰਾਮੀ ਦੇਵਕੀ ਨੰਦਨ ਖੁਦ ਪ੍ਰਧਾਨ ਰਹੇ। ਇਸ ਤੋਂ ਬਾਅਦ ਜਗਦੇਵ ਸਿੰਘ ਜੱਸੋਵਾਲ ਪ੍ਰਧਾਨ ਰਹੇ। ਉਨ੍ਹਾਂ ਦੇ ਹੁੰਦੇ ਹੀ ਉਹਨਾਂ ਮੈਨੂੰ ਇਹ ਸੇਵਾ ਦਿੱਤੀ ਸੀ ਜੋ ਮੈਂ 15 ਸਾਲਾਂ ਤੋਂ ਨਿਭਾ ਰਿਹਾ ਹਾਂ। ਅਸੀਂ ਮੁੱਢ ਤੋਂ ਹੀ ਮਹਾਨ ਦੇਸ਼ ਭਗਤਾਂ ਦੇ ਦਿਹਾੜੇ ਮਨਾਉਂਦੇ ਹਾਂ ਜਿਨਾਂ ਨੇ ਆਜ਼ਾਦੀ ਦੇ ਸੰਗਰਾਮ ਲਈ ਮੋਹਰੀ ਰੋਲ ਅਦਾ ਕੀਤਾ ਜਿਹਨਾਂ ਵਿੱਚ



ਰਾਸ਼ਟਰਪਿਤਾ ਮਹਾਤਮਾ ਗਾਂਧੀ, ਰਾਜਗੁਰੂ, ਸੁਖਦੇਵ ਥਾਪਰ, ਸ਼ਹੀਦ-ਏ-ਆਜਮ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਲਾਲਾ ਲਾਜਪਤ ਰਾਏ, ਪੰਡਿਤ ਜਵਾਹਰ ਲਾਲ ਨਹਿਰੂ, ਲਾਲ ਬਹਾਦਰ ਸ਼ਾਸਤਰੀ ਮੁੱਖ ਹਨ। ਉਹਨਾਂ ਕਿਹਾ ਕਿ ਲੋੜ ਹੈ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਲੜਾਈ ਲੜ ਰਹੇ ਰਾਹੁਲ ਗਾਂਧੀ ਦੇ ਹੱਥ ਮਜਬੂਤ ਕਰਨ ਲਈ ਦੇਸ਼ ਭਗਤ ਤਾਕਤਾਂ ਮੋਹਰੀ ਰੋਲ ਅਦਾ ਕਰਨ। ਉਹਨਾਂ ਕਿਹਾ ਕਿ ਅਸੀਂ ਪੰਜਾਬ ਦੇ ਹਰ ਜਿਲ੍ਹੇ ਦਾ ਪ੍ਰਧਾਨ ਹਲਕੇ ਦਾ ਪ੍ਰਧਾਨ ਬਣਾਵਾਂਗੇ। ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਦੀ 2027 ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਬਣਦਾ ਰੋਲ ਅਦਾ ਕਰਾਂਗੇ ਅਤੇ ਦੇਸ਼ ਭਗਤ, ਕਾਂਗਰਸੀ ਨੇਤਾਵਾਂ ਅਤੇ ਵਰਕਰਾਂ ਨੂੰ ਸਨਮਾਨ ਦਿੱਤਾ ਜਾਵੇਗਾ ਤਾਂ ਕਿ ਕਾਂਗਰਸ ਪਾਰਟੀ ਦੀ ਵਿਚਾਰਧਾਰਾ ਨੂੰ ਮਜਬੂਤ ਕੀਤਾ ਜਾ ਸਕੇ। ਉਹਨਾਂ ਕਿਹਾ ਕਿ ਉਹ ਕਾਂਗਰਸ ਪਾਰਟੀ ਦਾ ਗੌਰਵਮਈ ਇਤਿਹਾਸ ਅਤੇ ਆਜ਼ਾਦੀ ਤੋਂ ਬਾਅਦ ਪੰਡਿਤ ਜਵਾਹਰ ਲਾਲ ਨਹਿਰੂ ਤੋਂ ਡਾ. ਮਨਮੋਹਨ ਸਿੰਘ ਤੱਕ ਦੀਆਂ ਸਰਕਾਰਾਂ ਦੇ ਕੀਤੇ ਕੰਮਾਂ ਦੇ ਵੇਰਵੇ ਲੋਕਾਂ ਵਿੱਚ ਲਿਜਾਣਗੇ ਅਤੇ ਪੰਜਾਬ ਵਿੱਚ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਲੜਨ ਵਾਲੇ 2500 ਕਾਂਗਰਸੀ ਵਰਕਰਾਂ ਅਤੇ ਨੇਤਾ ਜਿਹਨਾਂ ਨੇ ਆਪਣੀ ਜਾਨ ਦੀ ਅਹੂਤੀ ਦਿੱਤੀ, ਉਹਨਾਂ ਦੇ ਪਰਿਵਾਰਾਂ ਦਾ ਸਤਿਕਾਰ ਕੀਤਾ ਜਾਵੇਗਾ।

# ਜਵੱਦੀ ਟਕਸਾਲ ਵਿਖੇ ਬਸੰਤ ਰਾਗ ਦਰਬਾਰ ਨੇ ਗੁਰਬਾਣੀ ਸ਼ਬਦ ਕੀਰਤਨ ਦੀਆਂ ਧੁਨਾਂ ਨਾਲ ਆਤਮਿਕ ਅਨੰਦ ਦਾ ਮਾਹੌਲ ਸਿਰਜਿਆ

ਜ਼ਿਕਰ ਪੰਜਾਬ

**ਲੁਧਿਆਣਾ/ਜੱਗੂ ਜਵੱਦੀ**

ਪਰਮ ਸੰਤ ਬਾਬਾ ਸੁੱਚਾ ਸਿੰਘ ਜੀ ਵਲੋਂ ਸਿਰਜਿਤ ਜਵੱਦੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ ਦੀ ਪ੍ਰੇਰਨਾ ਨਾਲ ਮਾਘ ਮਹੀਨੇ ਦੇ ਅੰਤਲੇ ਦਿਨ ਦੇ ਦੂਜੇ ਪੈਹਿਰ ਸ਼?ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 1168 ਤੋਂ 1196ਤੱਕ, ਛੇ ਰੁੱਤਾਂ ਵਿੱਚੋਂ ਪਹਿਲੀ ਤੇ ਸਭ ਤੋਂ ਲੰਬੀ ਰੁੱਤ, 31ਰਾਗਾਂ ਵਿੱਚੋਂ 25ਵੇਂ ਰਾਗ 'ਬਸੰਤ ਰਾਗ' ਅਧਾਰਿਤ ਬਸੰਤ ਰਾਗ ਦਰਬਾਰ ਕਰਵਾਇਆ ਗਿਆ। ਜਿਸ ਦੀ ਆਰੰਭਤਾ ਗੁਰ ਸ਼ਬਦ ਸੰਗੀਤ ਅਕੈਡਮੀ ਦੇ ਹੋਣਹਾਰ ਵਿ?ਦਆਰਥੀ ਭਾਈ ਭਰਤ ਸਿੰਘ ਨੇ ਬਸੰਤ ਰਾਗ ਅਧਾਰਿਤ ਸ਼ਬਦ ਕੀਰਤਨ ਨਾਲ ਹੋਈ। ਜੁੜੀਆਂ ਸੰਗਤਾਂ ਸਨਮੁੱਖ ਗੁਰਮਤਿ ਦੀ ਰੌਸ਼ਨੀ ਵਿੱਚ ਬਸੰਤ ਰਾਗ ਪ੍ਰਥਾਏ ਵਰਣਨ ਕਰਦਿਆਂ ਸੰਤ ਗਿਆਨੀ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ ਨੇ ਬਸੰਤ ਰਾਗ ਦਰਬਾਰ ਕਰਵਾਉਣ ਦੇ ਮੰਤਵ ਅਤੇ ਉਦੇਸ਼ ਦੇ



ਨਾਲ-ਨਾਲ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰੂ ਸਾਹਿਬ ਜੀ ਨੇ ਮਨੁੱਖੀ ਹਿਰਦੇ ਨੂੰ ਚੜ੍ਹਦੀ ਕਲਾ ਦਾ ਮਾਰਗ ਦਰਸਾਇਆ ਹੈ। ਬਸੰਤ ਰੁੱਤ 'ਚ ਬਾਹਰਲੀ ਬਨਸਪਤੀ ਦੇ ਮੌਲਣ ਵਾਂਗ ਹਿਰਦਿਆਂ ਨੂੰ ਵੀ ਮੌਲਣ ਤੇ ਜੋਰ ਦਿੱਤਾ। ਇਸ ਰੁੱਤ ਦੇ ਹਵਾਲੇ ਨਾਲ ਪਰਮੇਸ਼ਰ ਨਾਲ ਜੁੜਨ ਦਾ ਸੁਨੇਹਾ ਦਿੱਤਾ। ਬਾਬਾ ਜੀ ਨੇ ਜੋਰ ਦਿੰਦਿਆਂ ਸਮਝਾਇਆ ਕਿ ਗੁਰੂ ਸਾਹਿਬ ਜੀ ਰੁੱਤਾਂ ਨੂੰ ਮਹਾਨਤਾ ਨਾਲੋਂ ਗੁਰਬਾਣੀ ਨਾਮ ਨਾਲ ਜੁੜਨ ਨੂੰ ਵਧੇਰੇ ਮਹਾਨਤਾ ਦਿੰਦੇ ਹਨ। ਗੁਰੂ ਸਾਹਿਬ ਜੀ ਨੇ ਪਰੰਪਰਾਗਤ ਸੰਗੀਤ ਵਿੱਚ ਗੁਰਮਤਿ ਸੰਗੀਤ ਨੂੰ ਵੀ ਸੰਭਾਲਣ ਅਤੇ ਪ੍ਰਚਾਰਨ ਲਈ ਗੁਰਬਾਣੀ ਨੂੰ 31ਰਾਗਾਂ ਵਿੱਚ ਰਚ ਕੇ ਸ਼ਬਦ ਦਾ ਸਾਡੇ ਹਿਰਦਿਆਂ ਅੰਦਰ ਪ੍ਰਕਾਸ਼ ਕੀਤਾ। ਸ੍ਰ: ਸ਼ਹਿਬਾਜ਼ ਸਿੰਘ ਰੰਧਾਵਾ ਨਿੱਜੀ ਸਹਾਇਕ ਸ਼?ਰੋਮਣੀ

> ■ ਗੁਰੂ ਸਾਹਿਬ ਜੀ ਰੁੱਤਾਂ ਨੂੰ ਮਹਾਨਤਾ ਨਾਲੋਂ ਗੁਰਬਾਣੀ ਨਾਮ ਨਾਲ ਜੁੜਨ ਨੂੰ ਵਧੇਰੇ ਮਹਾਨਤਾ ਦਿੰਦੇ ਹਨ : ਸੰਤ ਬਾਬਾ ਅਮੀਰ ਸਿੰਘ

ਕਮੇਟੀ ਪ੍ਰਧਾਨ, ਮਾਤਾ ਵਿਪਨਪ੍ਰੀਤ ਕੌਰ, ਕੁਲਵਿੰਦਰ ਸਿੰਘ ਬੈਨੀਪਾਲ ਆਦਿ ਸ਼ਖ਼ਸ਼ੀਅਤਾਂ ਉਚੇਚੇ ਤੌਰ 'ਤੇ ਬਸੰਤ ਰਾਗ ਦਰਬਾਰ ਵਿਚ ਪੁੱਜੀਆਂ। ਪੰਥ ਪ੍ਰਸਿੱਧ ਕਥਾਵਾਚਕ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਬਸੰਤ ਰੁੱਤ ਦੀ ਸਮੁੱਚੀ ਬਾਣੀ ਹਿਰਦਿਆਂ ਅੰਦਰ ਪ੍ਰਾਕਿਰਤਿਕ ਖੇੜਾ ਪੈਦਾ ਕਰਦੀ ਹੈ। ਜਿਸ ਤਰ੍ਹਾਂ ਬਸੰਤ ਰੁੱਤ ਵਿੱਚ ਪ੍ਰਾਕਿਰਤੀ ਆਪਣਾ ਰੂਪ-ਰੰਗ ਬਦਲ ਕੇ ਆਪਣੇ ਚਿਹਰੇ ਤੇ ਨਿਖਾਰ ਲਿਆਉਂਦੀ ਹੈ। ਉਸ ਤਰ੍ਹਾਂ ਮਨੁੱਖ ਨੂੰ ਵੀ ਆਪਣੇ ਹਿਰਦੇ ਅੰਦਰ ਆਤਮਿਕ ਵਿਕਾਸ-ਵਿਗਾਸ ਕੇ ਹਿਰਦੇ ਨੂੰ ਨਿਖਾਰਨ ਦੀ ਲੋੜ ਹੈ। ਬਸੰਤ ਰਾਗ ਵਿਚਲੇ ਚੌਪਦੇ, ਦੋਪਦੇ, ਅਸ਼ਟਪਦੀ ਆਦਿ ਵਿੱਚ ਗੁਰੂ ਸਾਹਿਬ ਜੀ ਨੇ ਕੇਵਲ ਤੇ ਕੇਵਲ ਪ੍ਰਭੂ ਭਗਤੀ ਵਿਚ ਲੀਨ ਹੋ ਕੇ ਆਤਮਿਕ ਅਨੰਦ ਪ੍ਰਾਪਤ ਕਰਨ ਲਈ ਜੋਰ ਦਿੱਤਾ। ਇਸ ਵਰ੍ਹੇ ਦੀ ਇਹ ਬਸੰਤ ਰੁੱਤ ਸਭਨਾਂ ਦੀ ਜ਼ਿੰਦਗੀ ਵਿੱਚ ਨਿਖਾਰ ਆਵੇ, ਗੁਰਬਾਣੀ ਕੀਰਤਨ ਵਿਚ ਜੁੜਨ ਵਾਲਿਆਂ ਨੂੰ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਪ੍ਰਾਪਤ ਹੋਵਣ ਅਤੇ ਅਨੰਦਮਈ ਜੀਵਨ ਨਸੀਬ ਹੋਵੇ। ਗੁਰਮਤਿ ਸੰਗੀਤ ਦੇ ਧਨੀ ਭਾਈ ਗੁਰਮੀਤ ਸਿੰਘ ਸ਼ਾਂਤ, ਜਵੱਦੀ ਟਕਸਾਲ ਦੇ ਵਿ?ਦਆਰਥੀ ਅਤੇ ਸੱਚਖੰਡ ਸ਼?ਰੀ ਦਰਬਾਰ ਸਾਹਿਬ ਦੇ ਹਜ਼ੂਰੀ ਕੀਰਤਨੀਏ ਭਾਈ ਕੁਲਦੀਪ ਸਿੰਘ ਅਤੇ ਭਾਈ ਮਹਾਂਵੀਰ ਸਿੰਘ, ਭਾਈ ਸਤਨਿੰਦਰ ਸਿੰਘ ਬੋਦਲ ਆਦਿ ਕੀਰਤਨੀ ਜਥਿਆਂ ਨੇ ਬਨਸਪਤੀ ਮੌਲਣ, ਫਲ-ਫੁੱਲ ਖਿੜਨ ਦੇ ਦ੍ਰਿਸ਼ਟਾਂਤ ਲੈ ਕੇ ਮਨ ਦੀ ਦਸ਼ਾ ਨਾਮ ਦੁਆਰਾ ਮੌਲਣ ਦੀ ਵਡਿਆਈ ਦਾ ਬਸੰਤ ਰਾਗ ਅਧਾਰਿਤ ਕੀਰਤਨ ਕੀਤਾ। ਗੁਰਬਾਣੀ ਸ਼ਬਦ ਦੀ ਗੂੰਜਦੀ ਧੁਨੀ ਨੇ ਆਤਮਿਕ ਖੇੜਾ, ਆਤਮਿਕ ਸੁਹਿਰਦਤਾ ਪ੍ਰਦਾਨ ਕਰਦਿਆਂ ਬਸੰਤ ਰਾਗ ਦੇ ਹਵਾਲੇ ਨਾਲ ਪਰਮੇਸ਼ਰ ਨਾਲ ਜੁੜਨ ਦਾ ਸੁਨੇਹਾ ਦਿੱਤਾ। ਜੁੜੀਆਂ ਸੰਗਤਾਂ ਦਾ ਹਿਰਦਾ ਗੁਰੂ ਸਾਹਿਬ ਨਾਲ ਜੁੜਿਆ, ਬਾਹਰਲੀ ਰੁੱਤ ਵਾਂਗ ਅੰਦਰਲਾ ਪੱਖ ਵੀ ਮੌਲਦਾ, ਅਨੰਦਮਈ ਮਹਿਸੂਸ ਹੋਇਆ। ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਏਸ਼ੀਅਨ ਜੂਨੀਅਰ ਸਾਫਟ ਟੈਨਿਸ ਚੈਂਪੀਅਨਸ਼ਿਪ 'ਚ ਪੰਜਾਬੀਆਂ ਦੀ ਝੰਡੀ

## ਜੈਵੰਤ, ਅਰਮਾਨ ਤੇ ਸਹਿਜਪ੍ਰੀਤ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਇਤਿਹਾਸ ਰਚਿਆ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**

ਪੰਜਾਬ ਸਾਫਟ ਟੈਨਿਸ ਐਸੋਸੀਏਸ਼ਨ ਦੇ ਜਨਰਲ ਸਕੱਤਰ ਨਰਿੰਦਰ ਸਿੰਘ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਦੂਜੀ ਏਸ਼ੀਅਨ ਜੂਨੀਅਰ ਸਾਫਟ ਟੈਨਿਸ ਚੈਂਪੀਅਨਸ਼ਿਪ, ਏਸ਼ੀਅਨ ਸਾਫਟ ਟੈਨਿਸ ਫੈਡਰੇਸ਼ਨ ਅਤੇ ਐਮੇਚਿਓਰ ਸਾਫਟ ਟੈਨਿਸ ਫੈਡਰੇਸ਼ਨ ਦੀ ਨਿਗਰਾਨੀ ਹੇਠ ਹਾਰਵੈਸਟ ਟੈਨਿਸ ਅਕੈਡਮੀ, ਜੱਸੋਵਾਲ ਵਿਖੇ ਆਯੋਜਿਤ ਕੀਤੀ ਗਈ ਜਿੱਥੇ ਪੰਜਾਬੀ ਨੌਜਵਾਨਾਂ ਦੀ ਝੰਡੀ ਰਹੀ ਹੈ। ਚਾਰ ਦਿਨਾਂ ਚੈਂਪੀਅਨਸ਼ਿਪ ਵਿੱਚ, ਭਾਰਤ ਦੀ ਨੁਮਾਇੰਦਗੀ ਕਰਨ ਵਾਲੇ ਪੰਜਾਬ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਇਤਿਹਾਸ ਰਚਿਆ। ਪੰਜਾਬ ਲਈ ਇਹ ਵੱਡੇ ਮਾਣ ਵਾਲੀ ਗੱਲ ਕਿ ਜਿੱਥੇ ਜੈਵੰਤ ਸਿੰਘ ਗਰੇਵਾਲ ਨੇ ਟੀਮ ਈਵੈਂਟ ਵਿੱਚ ਸੋਨ ਤਗਮਾ,



ਸਿੰਗਲਜ਼ ਵਿੱਚ ਚਾਂਦੀ ਅਤੇ ਡਬਲਜ਼ ਵਿੱਚ ਕਾਂਸੀ ਦਾ ਤਗਮਾ ਜਿੱਤਿਆ ਉੱਥੇ ਅਰਮਾਨ ਸਿੰਘ ਅਤੇ ਸਹਿਜਪ੍ਰੀਤ ਸਿੰਘ ਬਾਜਵਾ ਨੇ ਟੀਮ ਈਵੈਂਟ ਵਿੱਚ ਸੋਨ ਤਗਮਾ ਅਤੇ ਡਬਲਜ਼ ਵਰਗ ਵਿੱਚ ਕਾਂਸੀ ਦਾ ਤਗਮਾ ਵੀ ਜਿੱਤਿਆ। ਮੇਜ਼ਬਾਨ ਦੇਸ਼ ਭਾਰਤ ਦੇ ਨਾਲ-ਨਾਲ ਚੀਨ, ਚੀਨੀ ਤਾਈਪੇ, ਜਾਪਾਨ, ਕੋਰੀਆ, ਕੰਬੋਡੀਆ, ਨੇਪਾਲ, ਭੂਟਾਨ, ਲਾਓਸ, ਤਿਮੋਰ, ਸ਼੍ਰੀਲੰਕਾ, ਥਾਈਲੈਂਡ ਦੀਆਂ ਟੀਮਾਂ ਨੇ ਚੈਂਪੀਅਨਸ਼ਿਪ ਵਿੱਚ ਹਿੱਸਾ ਲਿਆ ਅਤੇ ਤਗਮੇ ਹਾਸਲ ਕਰਦੇ ਹੋਏ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਇਤਿਹਾਸਕ ਪ੍ਰਾਪਤੀ 'ਤੇ ਪੰਜਾਬ ਦੇ ਖਿਡਾਰੀਆਂ ਨੂੰ ਵਧਾਈ ਦਿੰਦੇ ਹੋਏ ਮੁੱਖ ਸਕੱਤਰ ਨਰਿੰਦਰ ਸਿੰਘ, ਵਿਕਰਮਜੀਤ ਸਿੰਘ, ਪ੍ਰਧਾਨ ਅਨੁਮੀਤ ਸਿੰਘ ਹੀਰਾ ਸੋਢੀ ਅਤੇ ਡਾ. ਪ੍ਰਦੀਪ ਕੁਮਾਰ ਸਿੰਘ ਨੇ ਸ਼ੁਭਕਾਮਨਾਵਾਂ ਦਿੱਤੀਆਂ।

# ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਨੇ ਘੱਟ ਗਿਣਤੀ ਭਾਈਚਾਰਿਆਂ ਦੀ ਰੱਖਿਆ ਅਤੇ ਸਸ਼ਕਤੀਕਰਨ ਲਈ ਵਚਨਬੱਧਤਾ ਦੁਹਰਾਈ

## ਘੱਟ ਗਿਣਤੀ ਨਾਲ ਸਬੰਧਤ ਲੋਕਾਂ ਦੀ ਮਦਦ ਲਈ ਹੈਲਪਲਾਈਨ ਨੰਬਰ 95637-20000 ਦਾ ਕੀਤਾ ਐਲਾਨ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**

ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਜਤਿੰਦਰ ਮਸੀਹ ਗੌਰਵ ਨੇ ਘੱਟ ਗਿਣਤੀ ਭਾਈਚਾਰਿਆਂ ਦੇ ਅਧਿਕਾਰਾਂ, ਭਲਾਈ ਅਤੇ ਸਮੁੱਚੀ ਭਲਾਈ ਦੀ ਰਾਖੀ ਲਈ ਆਪਣੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਇਆ ਜਿਸ ਵਿੱਚ ਈਸਾਈ, ਮੁਸਲਮਾਨ, ਬੋਧੀ, ਜੈਨ, ਪਾਰਸੀ ਅਤੇ ਹੋਰ ਸ਼ਾਮਲ ਹਨ। ਇੱਕ ਸ਼ਿਕਾਇਤ ਨਿਵਾਰਨ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਜਿੱਥੇ ਭਾਈਚਾਰੇ ਦੇ ਮੈਂਬਰਾਂ ਨੇ ਸਿੱਧੇ ਤੌਰ 'ਤੇ ਆਪਣੀਆਂ ਚਿੰਤਾਵਾਂ ਅਤੇ ਸ਼ਿਕਾਇਤਾਂ ਪੇਸ਼ ਕੀਤੀਆਂ, ਚੇਅਰਮੈਨ ਜਤਿੰਦਰ ਮਸੀਹ ਗੌਰਵ ਨੇ ਜ਼ੋਰ ਦੇ ਕੇ ਕਿਹਾ ਕਿ ਕਮਿਸ਼ਨ ਘੱਟ ਗਿਣਤੀਆਂ ਦੇ ਸੰਵਿਧਾਨਕ ਅਧਿਕਾਰਾਂ ਦੀ ਰੱਖਿਆ ਕਰਨ ਅਤੇ ਉਨ੍ਹਾਂ ਦੀ ਆਵਾਜ਼ ਨੂੰ ਉੱਚ ਪੱਧਰ 'ਤੇ ਸੁਣੇ ਜਾਣ ਨੂੰ ਯਕੀਨੀ ਬਣਾਉਣ ਲਈ ਇੱਥੇ ਹੈ। ਉਨ੍ਹਾਂ ਨੇ ਘੱਟ ਗਿਣਤੀ ਭਾਈਚਾਰਿਆਂ ਦੁਆਰਾ ਪੰਜਾਬ ਅਤੇ ਸਮੁੱਚੇ ਦੇਸ਼ ਦੋਵਾਂ ਦੀ ਸਮਾਜਿਕ ਸਦਭਾਵਨਾ, ਸੱਭਿਆਚਾਰਕ ਅਮੀਰੀ ਅਤੇ ਆਰਥਿਕ ਮਜ਼ਬੂਤੀ ਲਈ ਪਾਏ ਗਏ ਕੀਮਤੀ ਯੋਗਦਾਨਾਂ ਨੂੰ ਉਜਾਗਰ ਕੀਤਾ। ਖੁੱਲੀ



ਸੁਣਵਾਈ ਦੌਰਾਨ, ਕਮਿਸ਼ਨ ਦੇ ਸਾਹਮਣੇ ਵੱਡੀ ਗਿਣਤੀ ਵਿੱਚ ਸ਼ਿਕਾਇਤਾਂ ਰੱਖੀਆਂ ਗਈਆਂ। ਸਭ ਤੋਂ ਵੱਧ ਉਠਾਏ ਜਾਣ ਵਾਲੇ ਮੁੱਦੇ ਜ਼ਮੀਨਾਂ ਅਤੇ ਜਾਇਦਾਦਾਂ 'ਤੇ ਗੈਰ-ਕਾਨੂੰਨੀ ਕਬਜ਼ੇ, ਈਸਾਈ ਕਬਰਸਤਾਨਾਂ ਅਤੇ ਮੁਸਲਿਮ ਕਬਰਿਸਤਾਨਾਂ ਦੀ ਦੇਖਭਾਲ ਅਤੇ ਸੁਰੱਖਿਆ ਵਿੱਚ ਆ ਰਹੀਆਂ ਮੁਸ਼ਕਲਾਂ, ਅਤੇ ਬੈਂਕ ਕਰਜ਼ਿਆਂ ਨਾਲ ਸਬੰਧਤ ਸਮੱਸਿਆਵਾਂ ਅਤੇ ਹੋਰ ਕਿਸਮਾਂ ਦੇ ਮੁੱਦਿਆਂ ਨਾਲ ਸਬੰਧਤ ਸਨ। ਇਨ੍ਹਾਂ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ, ਚੇਅਰਮੈਨ ਜਤਿੰਦਰ ਮਸੀਹ ਗੌਰਵ ਨੇ ਮੀਟਿੰਗ ਵਿੱਚ ਮੌਜੂਦ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਸਪੱਸ਼ਟ ਅਤੇ ਸਖ਼ਤ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਉਨ੍ਹਾਂ ਨੂੰ ਹਰੇਕ ਸ਼ਿਕਾਇਤ ਦੀ ਡੂੰਘਾਈ ਨਾਲ ਜਾਂਚ ਕਰਨ ਅਤੇ ਸੈਸ਼ਨ ਦੌਰਾਨ ਉਠਾਏ ਗਏ ਸਾਰੇ ਮੁੱਦਿਆਂ ਦਾ 15 ਦਿਨਾਂ ਦੇ ਅੰਦਰ-ਅੰਦਰ ਪੂਰਾ ਹੱਲ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਹਰੇਕ ਮਾਮਲੇ ਵਿੱਚ ਕੀਤੀ ਗਈ ਕਾਰਵਾਈ ਦੀ ਵਿਸਤ੍ਰਿਤ ਰਿਪੋਰਟ ਕਮਿਸ਼ਨ ਨੂੰ ਬਿਨਾਂ ਕਿਸੇ ਅਸਫਲਤਾ ਦੇ ਸੌਂਪੀ ਜਾਣੀ ਚਾਹੀਦੀ ਹੈ। ਘੱਟ ਗਿਣਤੀ ਭਾਈਚਾਰਿਆਂ ਨਾਲ ਸਬੰਧਤ ਲੋਕਾਂ ਲਈ ਮਦਦ ਨੂੰ ਵਧੇਰੇ ਪਹੁੰਚਯੋਗ ਅਤੇ ਤੁਰੰਤ ਬਣਾਉਣ ਲਈ, ਚੇਅਰਮੈਨ ਨੇ ਇੱਕ ਸਮਰਪਿਤ ਹੈਲਪਲਾਈਨ ਨੰਬਰ: 95637-20000 ਦਾ ਐਲਾਨ ਕੀਤਾ। ਕਿਸੇ ਵੀ ਮੁਸ਼ਕਲ ਦਾ ਸਾਹਮਣਾ ਕਰਨ ਵਾਲੇ ਜਾਂ ਮਾਰਗਦਰਸ਼ਨ ਦੀ ਲੋੜ ਵਾਲੇ ਵਿਅਕਤੀ ਤੁਰੰਤ ਸਹਾਇਤਾ ਲਈ ਇਸ ਨੰਬਰ 'ਤੇ 24 ਘੰਟੇ ਕਾਲ ਕਰ ਸਕਦੇ ਹਨ।

ਇਸ ਤੋਂ ਇਲਾਵਾ, ਚੇਅਰਮੈਨ ਗੌਰਵ ਨੇ ਘੱਟ ਗਿਣਤੀ ਭਾਈਚਾਰਿਆਂ ਦੇ ਮੈਂਬਰਾਂ ਨੂੰ ਨਿੱਜੀ ਤੌਰ 'ਤੇ ਸੱਦਾ ਦਿੱਤਾ ਕਿ ਜਦੋਂ ਵੀ ਲੋੜ ਹੋਵੇ ਤਾਂ ਉਨ੍ਹਾਂ ਨੂੰ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ, ਚੌਥੀ ਮੰਜ਼ਿਲ, ਟਾਵਰ ਨੰਬਰ 4, ਜੰਗਲਾਤ ਕੰਪਲੈਕਸ, ਸੈਕਟਰ 68, ਐਸਏਐਸ ਨਗਰ (ਮੋਹਾਲੀ) ਦੇ ਦਫ਼ਤਰ ਵਿਖੇ ਸਿੱਧਾ ਮਿਲਣ। ਚੇਅਰਮੈਨ ਦੇ ਆਉਣ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗਾਰਡ ਆਫ਼ ਆਨਰ ਵੀ ਦਿੱਤਾ ਗਿਆ।

# 'ਪੰਜਾਬ ਸੇਫ ਸਕੂਲ ਵਾਹਨ ਪਾਲਿਸੀ' ਦੀ ਉਲੰਘਣਾ ਕਰਨ ਵਾਲੀਆਂ ਸਕੂਲ ਬੱਸਾਂ 'ਤੇ ਲਾਈ ਰੋਕ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**

ਜ਼ਿਲ੍ਹਾ ਮੈਜਿਸਟ੍ਰੇਟ-ਕਮ-ਡਿਪਟੀ ਕਮਿਸ਼ਨਰ ਲੁਧਿਆਣਾ ਸ਼੍ਰੀ ਹਿਮਾਂਸ਼ੂ ਜੈਨ ਵੱਲੋਂ 'ਪੰਜਾਬ ਸੇਫ ਸਕੂਲ ਵਾਹਨ ਪਾਲਿਸੀ' ਤਹਿਤ ਜਾਰੀ ਦਿਸ਼ਾ-ਨਿਰਦੇਸ਼ ਦੀ ਪਾਲਣਾ ਨਾ ਕਰਨ ਵਾਲੀਆਂ ਸਕੂਲ ਬੱਸਾਂ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹਾ ਲੁਧਿਆਣਾ ਦੀ ਹਦੂਦ ਅੰਦਰ ਸੜਕਾਂ, ਗਲੀਆਂ, ਬਾਜ਼ਾਰਾਂ ਅਤੇ ਜਨਤਕ ਥਾਵਾਂ 'ਤੇ ਬਿਜਲੀ, ਕੇਬਲ, ਟੈਲੀਫੋਨ ਆਦਿ ਦੀਆਂ ਲਟਕਦੀਆਂ ਤਾਰਾਂ ਨੂੰ ਦਰੁਸਤ ਕਰਨ ਦੇ ਵੀ ਦਿੱਤੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਜ਼ਿਲ੍ਹਾ ਮੈਜਿਸਟਰੇਟ ਦੇ ਧਿਆਨ ਵਿੱਚ ਆਇਆ ਹੈ ਕਿ ਸਕੂਲ ਬੱਸ ਅਪਰੇਟਰਾਂ ਵੱਲੋਂ 'ਪੰਜਾਬ ਸੇਫ ਸਕੂਲ ਵਾਹਨ ਪਾਲਿਸੀ' ਅਧੀਨ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨਹੀਂ ਕੀਤਾ ਜਾ ਰਹੀ ਜਿਸ ਕਾਰਨ ਦੁਰਘਟਨਾ ਦਾ ਖਦਸ਼ਾ ਬਣਿਆ ਰਹਿੰਦਾ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਆਪਣੇ ਹੁਕਮਾਂ ਵਿੱਚ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਕੂਲੀ ਬੱਚਿਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਸੇਫ ਸਕੂਲ ਵਾਹਨ ਪਾਲਿਸੀ ਅਧੀਨ ਸਕੂਲ ਵਾਹਨਾਂ



ਲਈ ਕੜੀਆਂ ਸੁਰੱਖਿਆ ਸ਼ਰਤਾਂ ਨਿਰਧਾਰਤ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸ਼ਰਤਾਂ ਵਿੱਚ ਬੱਸ ਦੇ ਅੱਗੇ ਅਤੇ ਪਿੱਛੇ 'ਸਕੂਲ ਬੱਸ', ਜੇਕਰ ਬੱਸ ਕਿਰਾਏ 'ਤੇ ਲਈ ਗਈ ਹੈ ਤਾਂ 'ਸਕੂਲ ਡਿਊਟੀ 'ਤੇ' ਲਿਖਿਆ ਹੋਣਾ ਲਾਜ਼ਮੀ ਹੈ, ਬੱਸ ਵਿੱਚ ਅੱਗ ਬੁਝਾਊ ਯੰਤਰ ਅਤੇ ਫਸਟ-ਏਡ ਬਾਕਸ ਹੋਣਾ ਜ਼ਰੂਰੀ, ਸੁਰੱਖਿਆ ਲਈ ਬੱਸ ਵਿੱਚ ਸੀ ਸੀ ਟੀ ਵੀ ਕੈਮਰੇ ਅਤੇ ਲਾਕ ਹੋਣ ਵਾਲੇ ਭਰੋਸੇਯੋਗ ਦਰਵਾਜ਼ੇ, ਖਿੜਕੀਆਂ 'ਤੇ ਗਰਿੱਲ ਅਤੇ ਸੀਟਾਂ ਦੇ ਹੇਠਾਂ ਸਕੂਲ ਬੈਗ ਰੱਖਣ ਲਈ ਜਗ੍ਹਾ, ਬੱਸ ਦੀ ਸਪੀਡ ਕੰਟਰੋਲ ਲਈ ਸਪੀਡ ਗਵਰਨਰ, ਵਾਹਨ ਦੀ ਵੈਧ ਫਿਟਨੈਸ, ਵਾਹਨ ਦੀ ਇੰਸ਼ੋਰੈਂਸ ਅਤੇ ਪ੍ਰਦੂਸ਼ਣ ਸਰਟੀਫਿਕੇਟ ਲਾਜ਼ਮੀ ਹਨ। ਇਸ ਤੋਂ ਇਲਾਵਾ ਬੱਸ ਦੇ ਡਰਾਈਵਰ ਕੋਲ ਘੱਟੋ-ਘੱਟ 5 ਸਾਲਾਂ ਦਾ ਹੈਵੀ ਵਾਹਨ ਚਲਾਉਣ ਦੇ ਤਜਰਬੇ ਦੇ ਨਾਲ ਵੈਧ ਐਚ.ਐਮ.ਵੀ. ਲਾਇਸੈਂਸ ਹੋਣ ਵੀ ਜ਼ਰੂਰੀ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਸਪੱਸ਼ਟ ਕੀਤਾ ਕਿ ਉਕਤ ਕਮੀਆਂ ਨੂੰ ਦੂਰ ਕਰਨ ਤੋਂ ਬਾਅਦ ਹੀ ਸਕੂਲ ਬੱਸਾਂ ਨੂੰ ਸੜਕਾਂ 'ਤੇ ਚਲਾਇਆ ਜਾਵੇ। ਇਹ ਹੁਕਮ ਮਿਤੀ 11-02-2026 ਤੋਂ ਮਿਤੀ 10-08-2026 ਤੱਕ ਲਾਗੂ ਰਹੇਗਾ ਅਤੇ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਵਾਉਣ ਲਈ ਰਿਜਨਲ ਟਰਾਂਸਪੋਰਟ ਅਥਾਰਟੀ, ਲੁਧਿਆਣਾ ਜਿੰਮੇਵਾਰ ਹੋਣਗੇ।

### ਐਸ.ਐਸ.ਪੀ ਖੰਨਾ ਨੇ ਮੁਹੱਲਾ ਵਾਸੀਆਂ ਦੇ ਭਰੋਸੇ ਮਗਰੋਂ

# ਨਸ਼ਾ ਤਸਕਰ ਦੇ ਪਰਿਵਾਰ ਨੂੰ ਦਿੱਤੀ ਛੂਟ, ਬੁਲਡੋਜ਼ਰ ਕਾਰਵਾਈ ਤੋਂ ਰਾਹਤ

ਜ਼ਿਕਰ ਪੰਜਾਬ

**ਖੰਨਾ (ਲੁਧਿਆਣਾ)/ਦਿਵਿਆਂਸ਼ੂ ਸ਼ਰਮਾ, ਅਸ਼ਵਨੀ ਅਹੂਜਾ**

ਖੰਨਾ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਐਸ.ਐਸ.ਪੀ ਖੰਨਾ ਡਾ. ਦਰਪਣ ਆਹਲੂਵਾਲੀਆ ਦੀ ਸੋਚ, ਸੰਵੇਦਨਸ਼ੀਲਤਾ ਅਤੇ ਮਾਨਵਤਾ ਭਰੇ ਫੈਸਲਿਆਂ ਦੀ ਹਰ ਪਾਸੇ ਖੁੱਲ੍ਹ ਕੇ ਸ਼ਲਾਘਾ ਹੋ ਰਹੀ ਹੈ। ਨਸ਼ਾ ਤਸਕਰੀ ਲਈ ਬਦਨਾਮ ਰਹੀ ਮੀਟ ਮਾਰਕੀਟ ਖੰਨਾ ਨੂੰ ਪੰਜਾਬ ਸਰਕਾਰ ਅਤੇ ਪੁਲਿਸ ਵੱਲੋਂ ਗੋਦ ਲਏ ਜਾਣ ਦੇ ਫੈਸਲੇ ਮਗਰੋਂ ਹੁਣ ਇੱਕ ਹੋਰ ਅਹਿਮ ਅਤੇ ਦਿਲ ਛੂਹਣ ਵਾਲਾ ਕਦਮ ਚੁੱਕ ਕੇ ਡਾ. ਦਰਪਣ ਆਹਲੂਵਾਲੀਆ ਨੇ ਸਮਾਜ ਅੱਗੇ ਵੱਡੀ ਮਿਸਾਲ ਕਾਇਮ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ, ਇਲਾਕੇ ਵਿੱਚ ਨਸ਼ਾ ਤਸਕਰੀ ਨਾਲ ਜੁੜੇ ਇੱਕ ਤਸਕਰ ਦੀ ਨਾਨੀ ਦੇ ਘਰ ਨੂੰ ਤੋੜਨ ਦੇ ਹੁਕਮ ਜਾਰੀ ਹੋਏ ਸਨ। ਪਰ ਕਾਰਵਾਈ ਤੋਂ ਪਹਿਲਾਂ ਐਸ.ਐਸ.ਪੀ ਡਾ. ਦਰਪਣ ਆਹਲੂਵਾਲੀਆ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਇਲਾਕਾ ਵਾਸੀਆਂ





ਨਾਲ ਗੱਲਬਾਤ ਕੀਤੀ ਅਤੇ ਹਾਲਾਤਾਂ ਦੀ ਗੰਭੀਰਤਾ ਨਾਲ ਸਮੀਖਿਆ ਕੀਤੀ। ਇਲਾਕੇ ਦੇ ਲੋਕਾਂ ਨੇ ਭਰੋਸਾ ਦਿਵਾਇਆ ਕਿ ਅੱਗੇ ਤੋਂ ਕਿਸੇ ਵੀ ਤਰ੍ਹਾਂ ਦੀ ਗਲਤ ਸਰਗਰਮੀ ਇੱਥੇ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਸੰਬੰਧਤ ਤਸਕਰ ਨੂੰ ਮੁੜ ਇਲਾਕੇ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। ਪ੍ਰਸ਼ਾਸਨ ਨੇ ਸਿਰਫ ਕਾਨੂੰਨ ਦੀ ਸਖ਼ਤੀ ਨਹੀਂ, ਸਗੋਂ ਮਾਨਵਤਾ ਅਤੇ ਸਮਾਜਿਕ ਜ਼ਿੰਮੇਵਾਰੀ ਨੂੰ ਵੀ ਪ੍ਰਧਾਨਤਾ ਦਿੰਦਿਆਂ ਤਸਕਰ ਦੀ ਨਾਨੀ ਦੀ ਮੌਜੂਦਾ ਵਿੱਤੀ ਅਤੇ ਪਰਿਵਾਰਕ ਹਾਲਤ ਨੂੰ ਧਿਆਨ ਵਿੱਚ ਰੱਖ ਕੇ ਨਰਮੀ ਵਰਤਣ ਦਾ ਫੈਸਲਾ ਲਿਆ। ਮਨੁੱਖਤਾ ਦੇ ਨਾਤੇ ਘਰ ਨਾ ਤੋੜਨ ਦਾ ਫੈਸਲਾ ਕਰਦਿਆਂ ਇਲਾਕੇ ਦੇ ਲੋਕਾਂ ਨੂੰ ਸੁਧਰਨ ਦਾ ਮੌਕਾ ਦਿੱਤਾ ਗਿਆ। ਇਹ ਫੈਸਲਾ ਦਰਸਾਉਂਦਾ ਹੈ ਕਿ ਡਾ. ਦਰਪਣ ਆਹਲੂਵਾਲੀਆ ਦੀ ਅਗਵਾਈ ਹੇਠ ਖੰਨਾ ਪੁਲਿਸ ਦੀ ਨੀਤੀ ਸਿਰਫ ਸਜ਼ਾ ਦੇਣ ਤੱਕ ਸੀਮਤ ਨਹੀਂ, ਸਗੋਂ ਸਮਾਜ ਨੂੰ ਸੁਧਾਰ ਦੀ ਦਿਸ਼ਾ ਵੱਲ ਲਿਜਾਣੀ ਹੈ। ਮੌਕੇ 'ਤੇ ਐਸ.ਡੀ.ਐਮ ਸਵਾਤੀ ਟਿਵਾਣਾ ਅਤੇ ਡੀ.ਐਸ.ਪੀ ਵਿਨੋਦ ਕੁਮਾਰ ਵੀ ਹਾਜ਼ਰ ਰਹੇ। ਉਨ੍ਹਾਂ ਨੇ ਲੋਕਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਜਾਗਰੂਕ ਕਰਦਿਆਂ ਕਿਹਾ ਕਿ ਐਸ.ਐਸ.ਪੀ ਡਾ. ਦਰਪਣ ਆਹਲੂਵਾਲੀਆ ਦੀ ਅਗਵਾਈ ਹੇਠ ਖੰਨਾ ਪੁਲਿਸ ਨਸ਼ਾ ਮੁਕਤ ਸਮਾਜ ਬਣਾਉਣ ਲਈ ਲਗਾਤਾਰ ਸੰਵੇਦਨਸ਼ੀਲ ਅਤੇ ਪ੍ਰਭਾਵਸ਼ਾਲੀ ਕਦਮ ਚੁੱਕ ਰਹੀ ਹੈ। ਇਲਾਕਾ ਵਾਸੀਆਂ ਨੇ ਵੀ ਐਸ.ਐਸ.ਪੀ ਡਾ. ਦਰਪਣ ਆਹਲੂਵਾਲੀਆ ਦੇ ਇਸ ਮਾਨਵਤਾ ਭਰੇ ਫੈਸਲੇ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ। ਲੋਕਾਂ ਦਾ ਕਹਿਣਾ ਹੈ ਕਿ ਅਕਸਰ ਸਖ਼ਤ ਕਾਰਵਾਈ ਨਾਲ ਨਿਰਦੋਸ਼ ਪਰਿਵਾਰ ਵੀ ਪੀੜਤ ਹੋ ਜਾਂਦੇ ਹਨ, ਪਰ ਇਸ ਮਾਮਲੇ ਵਿੱਚ ਇਨਸਾਫ਼ ਦੇ ਨਾਲ-ਨਾਲ ਸੰਵੇਦਨਸ਼ੀਲਤਾ ਵੀ ਦਿਖਾਈ ਗਈ, ਜੋ ਵਾਕਈ ਕਾਬਿਲ-ਏ-ਤਾਰੀਫ਼ ਹੈ।

ਜ਼ਿਕਰਯੋਗ ਹੈ ਕਿ ਐਸ.ਐਸ.ਪੀ ਡਾ. ਦਰਪਣ ਆਹਲੂਵਾਲੀਆ ਦੀ ਅਗਵਾਈ ਹੇਠ ਖੰਨਾ ਪੁਲਿਸ ਨੇ ਨਸ਼ਿਆਂ ਖ਼ਿਲਾਫ਼ ਵੱਡੀਆਂ ਮੁਹਿੰਮਾਂ ਚਲਾਈਆਂ ਹਨ, ਜਿਨ੍ਹਾਂ ਤਹਿਤ ਕਈ ਵੱਡੇ ਤਸਕਰ ਗ੍ਰਿਫ਼ਤਾਰ ਕੀਤੇ ਗਏ, ਨਾਜਾਇਜ਼ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਅਤੇ ਨਸ਼ਾ ਤਸਕਰੀ ਦੇ ਨੈੱਟਵਰਕ ਤੋੜੇ ਗਏ। ਇਸ ਦੇ ਨਾਲ ਹੀ ਸਮਾਜਿਕ ਸੁਧਾਰ ਅਤੇ ਨੌਜਵਾਨਾਂ ਨੂੰ ਸਹੀ ਰਾਹ 'ਤੇ ਲਿਆਉਣ ਲਈ ਜਾਗਰੂਕਤਾ ਮੁਹਿੰਮਾਂ ਵੀ ਚਲਾਈਆਂ ਜਾ ਰਹੀਆਂ ਹਨ।

# ਆਬਕਾਰੀ ਵਿਭਾਗ ਵੱਲੋਂ ਨਾਜਾਇਜ਼ ਸ਼ਰਾਬ ਖਿਲਾਫ਼ ਕਾਰਵਾਈ, ਐਫ.ਆਈ.ਆਰ. ਦਰਜ



ਜ਼ਿਕਰ ਪੰਜਾਬ

**ਜਲੰਧਰ/ਬਲਵਿੰਦਰ ਕੁਮਾਰ**

ਡਿਪਟੀ ਕਮਿਸ਼ਨਰ (ਆਬਕਾਰੀ) ਐਸ.ਕੇ. ਗਰਗ ਦੇ ਨਿਰਦੇਸ਼ਾਂ 'ਤੇ ਕਾਰਵਾਈ ਕਰਦਿਆਂ ਆਬਕਾਰੀ ਵਿਭਾਗ ਵੱਲੋਂ ਜਲੰਧਰ ਵਿੱਚ ਦੋ ਛਾਪੇਮਾਰੀਆਂ ਦੌਰਾਨ ਵੱਡੀ ਮਾਤਰਾ ਵਿੱਚ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਗਈ ਅਤੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਕਾਰਵਾਈ ਸਹਾਇਕ ਕਮਿਸ਼ਨਰ (ਆਬਕਾਰੀ), ਜਲੰਧਰ ਰੇਂਜ-2, ਨਵਜੀਤ ਸਿੰਘ ਦੀ ਨਿਗਰਾਨੀ ਹੇਠ ਕੀਤੀ ਗਈ। ਪਹਿਲੀ ਛਾਪੇਮਾਰੀ ਦੌਰਾਨ ਆਬਕਾਰੀ ਅਧਿਕਾਰੀ ਜਸਪ੍ਰੀਤ ਸਿੰਘ, ਸਰਕਲ ਬਸਤੀ ਬਾਵਾ ਖੇਲ ਦੇ ਆਬਕਾਰੀ ਇੰਸਪੈਕਟਰ ਮਨਜੀਤ ਸਿੰਘ ਢੀਂਡਸਾ ਦੀ ਟੀਮ ਵੱਲੋਂ ਆਬਕਾਰੀ ਪੁਲਿਸ ਦੇ ਨਾਲ ਸੂਚਨਾ ਦੇ ਆਧਾਰ 'ਤੇ ਕਪੂਰਥਲਾ ਰੋਡ, ਬਸਤੀ ਬਾਵਾ ਖੇਲ ਦੇ ਰਾਜ ਨਗਰ ਵਿੱਚ ਇੱਕ ਜੂਸ ਕਾਰਨਰ ਦੇ ਪਿਛਲੇ ਪਾਸੇ ਸਥਿਤ ਇੱਕ ਦੁਕਾਨ ਦੇ ਬੇਸਮੈਂਟ ਵਿੱਚ ਤਲਾਸ਼ੀ ਲਈ ਗਈ। ਚੈਕਿੰਗ ਦੌਰਾਨ,

> ■ ਦੋ ਵੱਖ-ਵੱਖ ਛਾਪਿਆਂ ਦੌਰਾਨ 62 ਲੀਟਰ ਤੋਂ ਵੱਧ ਸ਼ਰਾਬ ਬਰਾਮਦ; 2 ਗ੍ਰਿਫ਼ਤਾਰ

230 ਨਿਪਸ (41.4 ਲੀਟਰ) 'ਪੰਜਾਬ ਕਿੰਗ' ਸ਼ਰਾਬ ਬਰਾਮਦ ਕੀਤੀ ਗਈ। ਮੁਲਜ਼ਮ ਬਲਦੀਪ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਬਸਤੀ ਬਾਵਾ ਖੇਲ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਐਫ.ਆਈ.ਆਰ. ਨੰਬਰ 36 ਮਿਤੀ 14.02.2026 ਥਾਣਾ ਬਸਤੀ ਬਾਵਾ ਖੇਲ ਵਿਖੇ ਦਰਜ ਕੀਤੀ ਗਈ ਹੈ। ਇੱਕ ਹੋਰ ਕਾਰਵਾਈ ਵਿੱਚ ਆਬਕਾਰੀ ਸਰਕਲ ਜਲੰਧਰ ਉੱਤਰੀ ਦੇ ਆਬਕਾਰੀ ਇੰਸਪੈਕਟਰ ਸੋਮੰਤ ਮਾਹੀ ਵੱਲੋਂ ਪੁਲਿਸ ਸਟੇਸ਼ਨ ਮਕਸੂਦਾਂ ਦੀ ਸਥਾਨਕ ਪੁਲਿਸ ਦੇ ਨਾਲ ਪਿੰਡ ਕਾਨਪੁਰ ਵਿੱਚ ਛਾਪੇਮਾਰੀ ਕੀਤੀ ਗਈ, ਜਿਸ ਦੌਰਾਨ ਟੀਮ ਨੇ 57 ਪਿੰਟਸ (21.375 ਲਿਟਰ) 'ਪੰਜਾਬ ਕਿੰਗ' ਸ਼ਰਾਬ ਬਰਾਮਦ ਕੀਤੀ। ਮੁਲਜ਼ਮ ਗੋਪੀ ਭਗਤ, ਪੱਛਮੀ ਮਨੋਹਰਪੁਰ, ਮਧੇਪੁਰਾ (ਬਿਹਾਰ) ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਪੁਲਿਸ ਸਟੇਸ਼ਨ ਮਕਸੂਦਾਂ ਵਿਖੇ ਐਫ.ਆਈ.ਆਰ. ਦਰਜ ਕੀਤੀ ਜਾ ਰਹੀ ਹੈ। ਸਹਾਇਕ ਕਮਿਸ਼ਨਰ ਨਵਜੀਤ ਸਿੰਘ ਨੇ ਦੁਹਰਾਇਆ ਕਿ ਗੈਰ-ਕਾਨੂੰਨੀ ਸ਼ਰਾਬ ਦੇ ਕਾਰੋਬਾਰ ਵਿਰੁੱਧ ਆਉਣ ਵਾਲੇ ਦਿਨਾਂ ਵਿੱਚ ਵੀ ਸਖ਼ਤ ਕਾਰਵਾਈ ਜਾਰੀ ਰਹੇਗੀ।

# ਨਸ਼ੇ ਦੀ ਬਸਤੀ ਵਿੱਚ ਮਮਤਾ ਦੀ ਮਿਸਾਲ: ਐੱਸ.ਐੱਸ.ਪੀ ਡਾ. ਦਰਪਣ ਆਹਲੂਵਾਲੀਆ ਦੀ ਗੋਦ ਵਿੱਚ ਮਾਸੂਮ, ਤਸਵੀਰ ਨੇ ਜਿੱਤੇ ਦਿਲ

ਜ਼ਿਕਰ ਪੰਜਾਬ

**ਖੰਨਾ (ਲੁਧਿਆਣਾ)/ਦਿਵਿਆਂਸ਼ੂ ਸ਼ਰਮਾ, ਵਾਸੂ ਜੇਤਲੀ**

ਖੰਨਾ ਵਿੱਚ ਨਸ਼ਾ ਤਸਕਰੀ ਲਈ ਬਦਨਾਮ ਮੀਟ ਮਾਰਕੀਟ ਬਸਤੀ ਵਿੱਚ ਆਪਰੇਸ਼ਨ ਪ੍ਰਹਾਰ-2 ਤਹਿਤ ਇੱਕ ਬਹੁਤ ਹੀ ਭਾਵੁਕ ਅਤੇ ਪ੍ਰੇਰਨਾਦਾਇਕ ਦ੍ਰਿਸ਼ ਦੇਖਣ ਨੂੰ ਮਿਲਿਆ। ਇਸ ਮੌਕੇ ਪੰਜਾਬ ਦੀ ਧੀ ਅਤੇ ਖੰਨਾ ਦੀ ਐੱਸ.ਐੱਸ.ਪੀ ਡਾ. ਦਰਪਣ ਆਹਲੂਵਾਲੀਆ ਖੁਦ ਮੈਦਾਨ ਵਿੱਚ ਉਤਰੇ ਅਤੇ ਲੋਕਾਂ ਨੂੰ ਨਸ਼ੇ ਤੋਂ ਦੂਰ ਰਹਿਣ, ਸਮਾਜ ਦੀ ਮੁੱਖ ਧਾਰਾ ਨਾਲ ਜੁੜਨ ਅਤੇ ਚੰਗੀ ਜ਼ਿੰਦਗੀ ਵੱਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦਾ ਮਕਸਦ ਸਿਰਫ਼ ਕਾਰਵਾਈ ਕਰਨਾ ਹੀ ਨਹੀਂ ਸੀ, ਸਗੋਂ ਲੋਕਾਂ ਦੇ ਦਿਲਾਂ ਵਿੱਚ ਭਰੋਸਾ ਜਗਾ ਕੇ ਉਨ੍ਹਾਂ ਨੂੰ ਬਿਹਤਰ ਭਵਿੱਖ ਦੀ ਦਿਸ਼ਾ ਦਿਖਾਉਣਾ ਵੀ ਸੀ। ਇਸ ਦੌਰਾਨ ਉੱਥੇ ਮੌਜੂਦ ਇੱਕ ਮਾਸੂਮ ਬੱਚਾ ਅਚਾਨਕ ਐੱਸ.ਐੱਸ.ਪੀ ਡਾ. ਦਰਪਣ ਆਹਲੂਵਾਲੀਆ ਕੋਲ ਆ





ਗਿਆ। ਉਹਨਾਂ ਨੇ ਬਿਨਾਂ ਕਿਸੇ ਝਿਝਕ ਅਤੇ ਭੇਦਭਾਵ ਦੇ ਬੱਚੇ ਨੂੰ ਤੁਰੰਤ ਆਪਣੀ ਗੋਦ ਵਿੱਚ ਚੁੱਕ ਲਿਆ ਅਤੇ ਪਿਆਰ ਨਾਲ ਸੀਨੇ ਨਾਲ ਲਾ ਲਿਆ। ਬੱਚੇ ਨੂੰ ਗੋਦ ਵਿੱਚ ਰੱਖ ਕੇ ਉਹਨਾਂ ਨੇ ਉੱਥੇ ਮੌਜੂਦ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਸਧਾਰਨ ਭਾਸ਼ਾ ਵਿੱਚ ਸਮਝਾਇਆ। ਇਹ ਦ੍ਰਿਸ਼ ਇੰਨਾ ਭਾਵੁਕ ਸੀ ਕਿ ਉੱਥੇ ਮੌਜੂਦ ਹਰ ਵਿਅਕਤੀ ਦਾ ਦਿਲ ਪਿਘਲ ਗਿਆ। ਲੋਕਾਂ ਨੇ ਮਹਿਸੂਸ ਕੀਤਾ ਕਿ ਪੁਲਿਸ ਸਿਰਫ਼ ਕਾਨੂੰਨ ਲਾਗੂ ਕਰਨ ਵਾਲੀ ਸੰਸਥਾ ਨਹੀਂ, ਸਗੋਂ ਸਮਾਜ ਦੀ ਸੱਚੀ ਸਹਾਇਕ ਅਤੇ ਮਾਰਗਦਰਸ਼ਕ ਵੀ ਹੈ। ਐੱਸ.ਐੱਸ.ਪੀ ਦੀ ਇਹ ਮਮਤਾ ਭਰੀ ਤਸਵੀਰ ਕੁਝ ਹੀ ਸਮੇਂ ਵਿੱਚ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ। ਹਜ਼ਾਰਾਂ ਲੋਕਾਂ ਨੇ ਇਸ ਤਸਵੀਰ ਨੂੰ ਸਾਂਝਾ ਕਰਦਿਆਂ ਉਨ੍ਹਾਂ ਦੀ ਮਨੁੱਖੀ ਸੋਚ ਅਤੇ ਜ਼ਮੀਨੀ ਪੱਧਰ 'ਤੇ ਕੰਮ ਕਰਨ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ। ਕਈ ਲੋਕਾਂ ਨੇ ਇਸ ਨੂੰ ਨਸ਼ੇ ਖ਼ਿਲਾਫ਼ ਲੜਾਈ ਵਿੱਚ ਉਮੀਦ ਦੀ ਨਵੀਂ ਕਿਰਨ ਕਰਾਰ ਦਿੱਤਾ। ਇਸ ਮੌਕੇ ਐੱਸ.ਐੱਸ.ਪੀ ਡਾ. ਦਰਪਣ ਆਹਲੂਵਾਲੀਆ ਨੇ ਕਿਹਾ ਕਿ ਨਸ਼ਾ ਸਿਰਫ਼ ਕਾਨੂੰਨ-ਵਿਵਸਥਾ ਦੀ ਸਮੱਸਿਆ ਨਹੀਂ, ਬਲਕਿ ਇੱਕ ਗੰਭੀਰ ਸਮਾਜਿਕ ਬਿਮਾਰੀ ਹੈ, ਜਿਸ ਨੂੰ ਜੜ ਤੋਂ ਖਤਮ ਕਰਨ ਲਈ ਪੁਲਿਸ, ਪ੍ਰਸ਼ਾਸਨ ਅਤੇ ਸਮਾਜ ਨੂੰ ਮਿਲਜੁਲ ਕੇ ਯਤਨ ਕਰਨੇ ਪੈਣਗੇ। ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ 'ਤੇ ਖ਼ਾਸ ਧਿਆਨ ਦੇਣ, ਉਨ੍ਹਾਂ ਨਾਲ ਖੁੱਲ੍ਹ ਕੇ ਗੱਲਬਾਤ ਕਰਨ ਅਤੇ ਸਹੀ ਦਿਸ਼ਾ ਵਿੱਚ ਮਾਰਗਦਰਸ਼ਨ ਦੇਣ। ਨਾਲ ਹੀ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰਹਿ ਕੇ ਪੜ੍ਹਾਈ, ਖੇਡਾਂ ਅਤੇ ਰੋਜ਼ਗਾਰ ਵੱਲ ਧਿਆਨ ਕੇਂਦਰਿਤ ਕਰਨ ਦਾ ਸੱਦਾ ਦਿੱਤਾ। ਮੀਟ ਮਾਰਕੀਟ ਬਸਤੀ ਵਿੱਚ ਵੇਖਿਆ ਗਿਆ ਇਹ ਛੋਟਾ ਪਰ ਪ੍ਰਭਾਵਸ਼ਾਲੀ ਪਲ ਇਹ ਸਾਬਤ ਕਰਦਾ ਹੈ ਕਿ ਜਦੋਂ ਪ੍ਰਸ਼ਾਸਨ ਮਨੁੱਖੀ ਦ੍ਰਿਸ਼ਟੀਕੋਣ ਨਾਲ ਕੰਮ ਕਰਦਾ ਹੈ, ਤਾਂ ਉਸਦਾ ਅਸਰ ਕਈ ਗੁਣਾ ਵੱਧ ਹੁੰਦਾ ਹੈ। ਇਹ ਤਸਵੀਰ ਲੰਮੇ ਸਮੇਂ ਤੱਕ ਲੋਕਾਂ ਦੇ ਦਿਲਾਂ ਵਿੱਚ ਉਮੀਦ, ਭਰੋਸਾ ਅਤੇ ਬਦਲਾਅ ਦੀ ਪ੍ਰੇਰਣਾ ਬਣੀ ਰਹੇਗੀ।

# ਇਸਤਰੀ ਸਤਿਸੰਗ ਸਭਾ ਸੰਤ ਸੁੰਦਰ ਸਿੰਘ ਨਗਰ ਧਾਂਦਰਾ ਰੋਡ ਵੱਲੋਂ ਕਰਵਾਇਆ ਗਿਆ ਜਪ ਤੱਪ ਸਮਾਗਮ

ਜ਼ਿਕਰ ਪੰਜਾਬ

**ਲੁਧਿਆਣਾ/ਤਮੰਨਾ ਬੇਦੀ**

ਇਸਤਰੀ ਸਤਿਸੰਗ ਸਭਾ ਸੰਤ ਸੁੰਦਰ ਸਿੰਘ ਨਗਰ ਧਾਂਦਰਾਂ ਰੋਡ ਲੁਧਿਆਣਾ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਨੂੰ ਸਮਰਪਿਤ ਜਪ ਤੱਪ ਸਮਾਗਮ ਕਰਵਾਇਆ ਗਿਆ ਜਿਸ ਵਿਚ ਇਸਤਰੀ ਸਤਿ ਸੰਗ ਸਭਾ



ਗੁਰਦਵਾਰਾ ਫੇਸ 1ਦੁਗਰੀ ਲੁਧਿਆਣਾ ਤੇ ਏਕ ਨੂਰ ਜਥਾ ਸੰਤ ਸੁੰਦਰ ਸਿੰਘ ਨਗਰ ਦੀਆਂ ਬੀਬੀਆਂ ਨੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਮਾਤਾ ਵਿਪਨ ਪ੍ਰੀਤ ਕੌਰ ਜੀ ਉਚੇਚੇ ਤੌਰ ਤੇ ਸ਼ਾਮਿਲ ਹੋਏ ਸਮਾਗਮ ਤੋਂ ਉਪਰੰਤ ਗੁਰੂ ਕੇ ਲੰਗਰ ਵੀ ਅਟੁੱਟ ਵਰਤਾਏ ਗਏ। ਇਸ ਸਮੇ ਹੋਰਨਾਂ ਤੋਂ ਇਲਾਵਾ ਬੀਬੀ ਪ੍ਰਸਿੰਨਜੀਤ ਕੌਰ, ਜਸਪ੍ਰੀਤ ਕੌਰ, ਭਗਵਿੰਦਰ ਕੌਰ ਸਲੂਜਾ, ਜਸਵਿੰਦਰ ਕੌਰ, ਰਵਿੰਦਰ ਕੌਰ ਚੱਢਾ, ਰਮਨ ਪ੍ਰੀਤ ਕੌਰ ਸਲੂਜਾ, ਚਰਨਜੀਤ ਕੌਰ ਤੇ ਅਮਨ ਪ੍ਰੀਤ ਕੌਰ ਆਦਿ ਵੀ ਹਾਜ਼ਰ ਸਨ।

# ਪੰਜਾਬ ਪਾਰਦਰਸ਼ਤਾ ਅਤੇ ਜਵਾਬਦੇਹੀ ਕਮਿਸ਼ਨ ਦੇ ਮੁੱਖ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਇਮਾਨਦਾਰੀ ਤੇ ਪਾਰਦਰਸ਼ਤਾ ਨਾਲ ਕੰਮ ਕਰਨ ਦੇ ਦਿੱਤੇ ਨਿਰਦੇਸ਼

## • ਸਰਕਾਰੀ ਸੇਵਾਵਾਂ ਦੀ ਸਮਾਂਬੱਧ ਸਪੁਰਦਗੀ ਯਕੀਨੀ ਬਣਾਈ ਜਾਵੇ : ਵੀ.ਕੇ. ਜੰਜੂਆ • ਸੇਵਾ ਕੇਂਦਰਾਂ 'ਤੇ ਸੂਚਨਾ ਬੋਰਡ ਲਗਾਉਣ ਅਤੇ ਜਨਤਕ ਜਾਗਰੂਕਤਾ ਪੈਦਾ ਕਰਨ 'ਤੇ ਵੀ ਦਿੱਤਾ ਜ਼ੋਰ

ਜ਼ਿਕਰ ਪੰਜਾਬ

**ਲੁਧਿਆਣਾ/ਤਮੰਨਾ ਬੇਦੀ**

ਪੰਜਾਬ ਪਾਰਦਰਸ਼ਤਾ ਅਤੇ ਜਵਾਬਦੇਹੀ ਕਮਿਸ਼ਨ ਦੇ ਮੁੱਖ ਕਮਿਸ਼ਨਰ ਵੀ.ਕੇ. ਜੰਜੂਆ ਨੇ ਅੱਜ ਜ਼ਿਲ੍ਹਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕੀਤੀ। ਦਫ਼ਤਰ ਡਿਪਟੀ ਕਮਿਸ਼ਨਰ ਦਫ਼ਤਰ, ਲੁਧਿਆਣਾ ਦੇ ਸਹਿਯੋਗ ਨਾਲ ਇੱਕ ਟ੍ਰੇਨਿੰਗ ਸੈਸ਼ਨ ਵੀ ਕਰਵਾਇਆ ਗਿਆ ਜਿਸ ਵਿੱਚ ਭਾਰਤ ਸਰਕਾਰ ਦੁਆਰਾ ਸਪਾਂਸਰ ਕੀਤੇ ਪ੍ਰੋਜੈਕਟ, "ਪੰਜਾਬ ਵਿੱਚ ਪੈਂਡੈਂਸੀ ਪ੍ਰਬੰਧਨ ਲਈ ਕੇਂਦਰੀਕ੍ਰਿਤ ਯੂਨੀਫਾਈਡ ਡਿਜੀਟਲ ਸੇਵਾਵਾਂ ਪੋਰਟਲ ਅਤੇ ਡੇਟਾ ਰਿਪੋਜ਼ਟਰੀ ਦਾ ਵਿਕਾਸ" ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ, ਵਧੀਕ ਡਿਪਟੀ (ਜ) ਕਮਿਸ਼ਨਰ ਰਾਕੇਸ ਕੁਮਾਰ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਰੁਪਿੰਦਰ ਪਾਲ ਸਿੰਘ, ਸਹਾਇਕ ਕਮਿਸ਼ਨਰ ਡਾ. ਪ੍ਰਗਤੀ ਅਤੇ ਪੰਜਾਬ ਪਾਰਦਰਸ਼ਤਾ ਅਤੇ ਜਵਾਬਦੇਹੀ ਕਮਿਸ਼ਨ ਦੇ ਸਕੱਤਰ ਡਾ. ਨਯਨ ਜੱਸਲ ਵੀ ਮੌਜੂਦ ਸਨ। ਮੁੱਖ ਕਮਿਸ਼ਨਰ ਵੀ.ਕੇ. ਜੰਜੂਆ ਨੇ ਕਿਹਾ ਕਿ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਨਾਗਰਿਕਾਂ ਨੂੰ ਸਰਕਾਰੀ ਸੇਵਾਵਾਂ ਪ੍ਰਦਾਨ ਕਰਨਾ ਸਰਕਾਰੀ ਕਰਮਚਾਰੀਆਂ ਦਾ ਫਰਜ਼ ਹੈ ਅਤੇ ਇਸ ਸਬੰਧ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸਮਾਂਬੱਧ ਅਤੇ ਜ਼ਿੰਮੇਵਾਰ ਢੰਗ ਨਾਲ ਆਪਣੀਆਂ ਡਿਊਟੀਆਂ ਨਿਭਾਉਣ। ਮੀਟਿੰਗ ਦੌਰਾਨ ਇਹ ਵੀ ਦੱਸਿਆ ਗਿਆ ਕਿ ਵਧੀਕ ਡਿਪਟੀ ਕਮਿਸ਼ਨਰ (ਜ) ਜ਼ਿਲ੍ਹੇ ਦੇ ਸਾਰੇ ਵਿਭਾਗਾਂ ਤੋਂ ਡਾਟਾ ਇਕੱਠਾ ਕਰਨਗੇ ਅਤੇ ਇਸਨੂੰ ਕਮਿਸ਼ਨ ਨੂੰ ਭੇਜਣਗੇ, ਜਿਸ ਵਿੱਚ ਡਰਾਈਵਿੰਗ ਲਾਇਸੈਂਸ, ਇਮਾਰਤ ਯੋਜਨਾਵਾਂ ਅਤੇ ਹੋਰ ਨਾਗਰਿਕ ਸੇਵਾਵਾਂ ਨਾਲ ਸਬੰਧਤ ਡੇਟਾ ਸ਼ਾਮਲ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਵਧੀਕ ਡਿਪਟੀ ਕਮਿਸ਼ਨਰ (ਜ) ਦੁਆਰਾ ਡੇਟਾ ਦੇ ਵਿਸਤ੍ਰਿਤ ਵਿਸ਼ਲੇਸ਼ਣ ਤੋਂ ਬਾਅਦ ਹੀ ਰਿਪੋਰਟ ਭੇਜੀ ਜਾਵੇ। ਮੀਟਿੰਗ ਵਿੱਚ ਨਗਰ ਨਿਗਮ ਕਮੇਟੀਆਂ, ਨਗਰ ਕੌਂਸਲਾਂ ਅਤੇ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਅਤੇ ਅਪੀਲੀ ਅਧਿਕਾਰੀਆਂ ਦੀ ਭੂਮਿਕਾ



ਬਾਰੇ ਵੀ ਚਰਚਾ ਕੀਤੀ ਗਈ। ਪ੍ਰੋਗਰਾਮ ਦੌਰਾਨ, ਜੰਜੂਆ ਨੇ ਦੱਸਿਆ ਕਿ 'ਆਟੋ-ਅਪੀਲ' ਮੋਡੀਊਲ ਨੂੰ ਲਾਈਵ ਕੀਤਾ ਗਿਆ ਹੈ ਅਤੇ ਅਪੀਲਾਂ ਵਧੀਕ ਡਿਪਟੀ ਕਮਿਸ਼ਨਰ ਦੇ ਖਾਤਿਆਂ ਵਿੱਚ ਭੇਜੀਆਂ ਜਾ ਰਹੀਆਂ ਹਨ। ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ, ਵੀ.ਕੇ. ਜੰਜੂਆ ਨੇ ਕਿਹਾ ਕਿ 'ਕਨੈਕਟ ਪੰਜਾਬ' ਵੈੱਬਸਾਈਟ 'ਤੇ ਉਪਲਬਧ ਅਪੀਲ ਮੋਡੀਊਲ ਰਾਹੀਂ, ਨਾਗਰਿਕ ਉਨ੍ਹਾਂ ਮਾਮਲਿਆਂ ਵਿੱਚ ਅਪੀਲ ਦਾਇਰ ਕਰ ਸਕਦੇ ਹਨ ਜਿੱਥੇ ਸੇਵਾਵਾਂ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪ੍ਰਦਾਨ ਨਹੀਂ ਕੀਤੀਆਂ ਜਾਂਦੀਆਂ ਹਨ। ਨਾਗਰਿਕ ਇਸ ਵੈੱਬਸਾਈਟ rts.punjab.gov.in 'ਤੇ ਕਮਿਸ਼ਨ ਨੂੰ ਸਿੱਧਾ ਲਿਖ ਸਕਦੇ ਹਨ। ਕਮਿਸ਼ਨਰ ਨੇ ਅੱਗੇ ਸਪੱਸ਼ਟ ਕੀਤਾ ਕਿ ਅਪੀਲੀ ਅਥਾਰਟੀ ਕੋਲ 5 ਹਜ਼ਾਰ ਰੁਪਏ ਤੱਕ ਦਾ ਜੁਰਮਾਨਾ ਲਗਾਉਣ ਦਾ ਅਖਤਿਆਰ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਜਿਹੇ ਮਾਮਲਿਆਂ ਦੀ ਸਖ਼ਤੀ ਨਾਲ ਜਾਂਚ ਕੀਤੀ ਜਾਵੇਗੀ ਜਿੱਥੇ ਬਿਨਾਂ ਕਿਸੇ ਜਾਇਜ਼ ਕਾਰਨ ਦੇ ਇਤਰਾਜ਼ ਲਗਾਏ ਜਾਂਦੇ ਹਨ, ਤਾਂ ਐਕਟ ਦੀ ਧਾਰਾ 16(3) ਦੇ ਤਹਿਤ ਪ੍ਰਤੀ ਕੇਸ 10 ਹਜ਼ਾਰ ਤੱਕ ਦਾ ਜੁਰਮਾਨਾ ਲਗਾਇਆ ਜਾਵੇਗਾ। ਉਨ੍ਹਾ ਇਹ ਵੀ ਸਪੱਸ਼ਟ ਕੀਤਾ ਕਿ ਬਿਨਾਂ ਕਿਸੇ ਜਾਇਜ਼ ਕਾਰਨ ਦੇ ਕਿਸੇ ਵੀ ਅਰਜ਼ੀ ਨੂੰ ਵਾਰ-ਵਾਰ ਰਿਜੈਕਟ ਮਾਰਨਾ 'ਪੰਜਾਬ ਪਾਰਦਰਸ਼ਤਾ ਅਤੇ ਜਵਾਬਦੇਹੀ ਡਿਲੀਵਰੀ ਆਫ਼ ਪਬਲਿਕ ਸਰਵਿਸਿਜ਼ ਐਕਟ, 2018' ਦੀ ਧਾਰਾ 6(1) ਅਤੇ 6(2) ਦੀ ਸਿੱਧੀ ਉਲੰਘਣਾ ਹੈ, ਇਸ ਐਕਟ ਤਹਿਤ ਹਰੇਕ ਅਰਜ਼ੀ ਦਾ ਨਿਪਟਾਰਾ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਕੀਤਾ ਜਾਣਾ ਚਾਹੀਦਾ ਹੈ ਜਾਂ ਜਾਇਜ਼ ਕਾਰਨਾਂ ਨਾਲ ਰੱਦ ਕਰ ਦਿੱਤਾ ਜਾਣਾ ਚਾਹੀਦਾ ਹੈ। ਮੁੱਖ ਕਮਿਸ਼ਨਰ ਨੇ ਨਿਰਦੇਸ਼ ਦਿੱਤੇ ਕਿ ਸੇਵਾ ਕੇਂਦਰਾਂ, ਸਾਂਝ ਕੇਂਦਰਾਂ ਅਤੇ ਫਰਦ ਕੇਂਦਰਾਂ 'ਤੇ ਸੂਚਨਾ ਬੋਰਡ ਲਗਾਏ ਜਾਣ ਤਾਂ ਜੋ ਨਾਗਰਿਕਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਤੋਂ ਜਾਣੂ ਕਰਵਾਇਆ ਜਾ ਸਕੇ। ਉਨ੍ਹਾਂ ਸਾਰੇ ਅਧਿਕਾਰੀਆਂ ਨੂੰ ਤਨਦੇਹੀ ਅਤੇ ਇਮਾਨਦਾਰੀ ਨਾਲ ਕੰਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਚੇਤਾਵਨੀ ਦਿੱਤੀ ਕਿ ਉਨ੍ਹਾਂ ਅਧਿਕਾਰੀਆਂ ਜਾਂ ਕਰਮਚਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਜੋ ਨਾਗਰਿਕਾਂ ਨੂੰ ਪਰੇਸ਼ਾਨ ਕਰਦੇ ਹਨ, ਆਪਣੀਆਂ ਡਿਊਟੀਆਂ ਨਿਭਾਉਣ ਵਿੱਚ ਅਸਫਲ ਰਹਿੰਦੇ ਹਨ, ਜਾਂ ਜਾਣਬੁੱਝ ਕੇ ਬਦਨੀਤੀ ਨਾਲ ਕੰਮ ਵਿੱਚ ਦੇਰੀ ਕਰਦੇ ਹਨ। ਉਨ੍ਹਾਂ ਪੰਜਾਬ ਪਾਰਦਰਸ਼ਤਾ ਅਤੇ ਜਵਾਬਦੇਹੀ ਐਕਟ ਬਾਰੇ ਵੱਧ ਤੋਂ ਵੱਧ ਜਨਤਕ ਜਾਗਰੂਕਤਾ ਪੈਦਾ ਕਰਨ 'ਤੇ ਵੀ ਜ਼ੋਰ ਦਿੱਤਾ। ਇਸ ਮੌਕੇ, ਸਮੂਹ ਐਸ.ਡੀ.ਐਮਜ ਦੇ ਨਾਲ ਪੀ.ਬੀ.ਟੀ.ਆਰ.ਏ.ਸੀ. ਦੀ ਸੀਨੀਅਰ ਸਲਾਹਕਾਰ ਮਿਸ ਸ਼ਿਵਾਨੀ ਦੇ ਨਾਲ-ਨਾਲ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

## 'ਆਪ' ਨੇਤਾ ਬੀਬੀ ਮਾਨ ਵੱਲੋਂ ਧੌਣ 'ਤੇ ਗੋਡਾ ਰੱਖ ਕੇ ਪੰਜਾਬੀਆਂ ਤੋਂ ਵੋਟ ਲੈਣ ਦੇ ਹੰਕਾਰ ਭਰੇ ਸ਼ਬਦ ਬੋਲਣਾ ਭਾਰਤੀ ਲੋਕਤੰਤਰ ਦਾ ਅਪਮਾਨ : ਬਾਵਾ

ਜ਼ਿਕਰ ਪੰਜਾਬ

**ਲੁਧਿਆਣਾ/ਅਸ਼ਵਨੀ ਅਹੂਜਾ**

'ਆਪ' ਪਾਰਟੀ ਦੀ ਨਕੋਦਰ ਹਲਕੇ ਤੋਂ ਵਿਧਾਇਕ ਬੀਬੀ ਇੰਦਰਜੀਤ ਕੌਰ ਮਾਨ ਅੰਦਰ ਹੰਕਾਰ ਦਾ ਨੱਕੋ ਨੱਕ ਭਰਨਾ ਅਤੇ ਮਹਿੰਗੀ ਮੁੱਲ ਮਿਲੇ ਵੋਟ ਦੇ ਅਧਿਕਾਰ ਨੂੰ ਵੰਗਾਰਦੇ ਹੋਏ ਇਹ ਕਹਿਣਾ ਕਿ ਅਸੀਂ 117 ਵਿਧਾਨ ਸਭਾ ਸੀਟਾਂ ਪੰਜਾਬੀਆਂ ਦੀ ਧੌਣ 'ਤੇ ਗੋਡਾ ਰੱਖ ਕੇ ਜਿੱਤਾਂਗੇ, ਇਹ ਵਡਮੁੱਲੀਆਂ ਕੁਰਬਾਨੀਆਂ ਦੇ ਕੇ ਲਏ ਵੋਟ ਦੇ



ਅਧਿਕਾਰ ਦਾ ਅਪਮਾਨ ਹੈ ਅਤੇ ਭਾਰਤੀ ਲੋਕਤੰਤਰ ਦਾ ਨਿਰਾਦਰ ਹੈ। ਇਹ ਸ਼ਬਦ ਅੱਜ ਦੇਸ਼ ਭਗਤ ਯਾਦਗਾਰੀ ਸੁਸਾਇਟੀ ਪੰਜਾਬ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਨੇ ਇੱਕ ਲਿਖਤੀ ਬਿਆਨ ਰਾਹੀਂ ਨਿੰਦਿਆ ਕਰਦੇ ਹੋਏ ਕਹੇ। ਸ੍ਰੀ ਬਾਵਾ ਨੇ ਕਿਹਾ ਕਿ ਵੋਟ ਦੇ ਅਧਿਕਾਰ ਦਾ ਸ਼ਰੇਆਮ ਮਜ਼ਾਕ ਉਡਾਉਣਾ ਦੱਸਦਾ ਹੈ ਕਿ 'ਆਪ' ਨੇਤਾਵਾਂ ਅੰਦਰ ਕਿੰਨਾ ਸੱਤਾ ਦਾ ਨਸ਼ਾ ਭਰਿਆ ਹੋਇਆ ਹੈ ਜੋ ਇਹ ਭੁੱਲ ਗਏ ਹਨ ਕਿ ਭਾਰਤ ਅੰਦਰ ਲੋਕਤੰਤਰ ਭਾਵ (ਵੋਟਾਂ ਦਾ ਰਾਜ) ਸਥਾਪਿਤ ਕਰਨ ਲਈ ਕਿਤਨੇ ਦੇਸ਼ ਭਗਤਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ, ਕਰਤਾਰ ਸਿੰਘ ਸਰਾਭਾ, ਮਦਨ ਲਾਲ ਢੀਂਗਰਾ, ਲਾਲਾ ਲਾਜਪਤ ਰਾਏ ਵਰਗੇ ਮਹਾਨ ਲੋਕਾਂ ਨੇ ਜੇਲ੍ਹਾਂ ਕੱਟੀਆਂ, ਫਾਂਸੀਆਂ ਦੇ ਰੱਸੇ ਚੁੰਮੇ। ਉਹ ਸਮਾਂ ਸੀ ਜਦੋਂ ਆਜ਼ਾਦੀ ਦਾ ਸੰਗਰਾਮ ਚੱਲ ਰਿਹਾ ਸੀ ਤਾਂ ਭਾਈਚਾਰਕ ਸਾਂਝ ਦੀ ਮਿਸਾਲ ਪੇਸ਼ ਕਰਦਿਆਂ ਦਿੱਲੀ ਅੰਦਰ ਨਾਅਰੇ ਗੂੰਜਦੇ ਸਨ ਕਿ ਲਾਲ ਕਿਲੇ ਸੇ ਆਈ ਆਵਾਜ਼- ਢਿੱਲੋਂ, ਸਹਿਗਲ, ਸ਼ਾਹਨਵਾਜ਼ ਕੀ ਅੱਜ ਤਾਕਤ ਦੇ ਨਸ਼ੇ ਵਿੱਚ 'ਆਪ' ਨੇਤਾ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਭੁੱਲ ਗਏ..? ਕੀ ਦਫਤਰਾਂ ਵਿੱਚ ਲੱਗੀ ਭਗਤ ਸਿੰਘ ਦੀ ਤਸਵੀਰ ਇੱਕ ਦਿਖਾਵੇ ਤੋਂ ਬਿਨਾਂ ਕੁਝ ਵੀ ਨਹੀਂ..?

# ਨਸ਼ਿਆਂ ਦੇ ਖਾਤਮੇ ਲਈ ਸਾਰੇ ਵਰਗਾਂ ਦਾ ਸਹਿਯੋਗ ਜਰੂਰੀ : ਗੁਰਮੀਤ ਸਿੰਘ ਖੁੱਡੀਆਂ

## ਕੈਬਨਿਟ ਮੰਤਰੀ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵੀ. ਡੀ. ਸੀ. ਕਮੇਟੀਆਂ ਨਾਲ ਕੀਤੀ ਮੀਟਿੰਗ

ਜ਼ਿਕਰ ਪੰਜਾਬ

**ਲੰਬੀ/ਨਰਿੰਦਰ ਵਧਵਾ**

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਜੰਗੀ ਪੱਧਰ 'ਤੇ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਫੇਜ਼-2 ਦੌਰਾਨ ਕੈਬਨਿਟ ਮੰਤਰੀ ਪੰਜਾਬ ਸ. ਗੁਰਮੀਤ ਸਿੰਘ ਖੁੱਡੀਆਂ ਵੱਲੋਂ ਲੰਬੀ ਹਲਕੇ ਵਿਖੇ ਬਣਾਈਆਂ ਗਈਆਂ ਵੀ.ਡੀ.ਸੀ. ਕਮੇਟੀਆਂ, ਅਹੁਦੇਦਾਰਾਂ, ਸਿਵਲ ਪ੍ਰਸ਼ਾਸ਼ਨ ਅਤੇ ਪੁਲਿਸ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਨਾਲ ਮਾਰਕਿਟ ਕਮੇਟੀ ਮਲੋਟ ਦੇ ਦਫ਼ਤਰ ਵਿਖੇ ਮੀਟਿੰਗ ਕੀਤੀ ਗਈ। ਇਸ ਮੌਕੇ ਸ. ਖੁੱਡੀਆਂ ਨੇ ਕਿਹਾ ਕਿ ਨਸ਼ਾ ਵਿਸ਼ਵ ਵਿਆਪੀ ਸਮੱਸਿਆ ਹੈ ਜੋ ਕੇ ਸਾਡੇ ਸਮਾਜ ਨੂੰ ਘੁਣ ਵਾਂਗ ਖਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਸਾਰੇ ਵਰਗਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਾਰਡ ਜਾਂ ਪਿੰਡ ਵਿੱਚ ਕਿਸੇ ਨੂੰ ਵੀ ਨਸ਼ੇ ਸਬੰਧੀ ਜਾਂ ਨਸ਼ਾ ਤਸਕਰ ਸਬੰਧੀ ਜਾਣਕਾਰੀ ਮਿਲਦੀ ਹੈ ਤਾਂ ਉਹ ਤੁਰੰਤ ਇਸ ਸਬੰਧੀ ਪੁਲਿਸ ਨੂੰ ਸੂਚਿਤ ਕਰਨ ਅਤੇ ਸੂਚਨਾ ਦੇਣ ਵਾਲੇ ਦੀ ਜਾਣਕਾਰੀ ਗੁਪਤ ਰੱਖੀ ਜਾਵੇਗੀ। ਉਨ੍ਹਾਂ ਨਸ਼ਿਆਂ ਨੂੰ ਨੱਥ ਪਾਉਣ ਲਈ ਇਸ



ਮੁਹਿੰਮ ਤਹਿਤ ਡੀ.ਐਸ.ਪੀ. ਲੰਬੀ ਵੱਲੋਂ ਇਕੱਤਰ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪੁਲਿਸ ਵੱਲੋਂ 239 ਐਫ਼.ਆਈ.ਆਰ. ਦਰਜ ਕੀਤੀਆਂ ਗਈਆਂ ਹਨ, 251 ਦੋਸ਼ੀ ਫੜੇ ਗਏ ਹਨ, 2.5 ਕਿੱਲੋਂ ਹੈਰੋਇਨ ਦੀ ਬਰਾਮਦੀ ਹੋਈ ਹੈ, 35 ਹਜ਼ਾਰ ਨਸ਼ੀਲੀਆਂ ਗੋਲੀਆਂ ਅਤੇ 23 ਹਜ਼ਾਰ ਕੈਪਸੂਲ, 6 ਕਿੱਲੋ ਅਫ਼ੀਮ, 8 ਕੁਇੰਟਲ ਪੋਸਤ, ਇੱਕ ਫੈਕਟਰੀ ਸੀਲ ਕੀਤੀ ਗਈ ਹੈ ਅਤੇ ਇਸਤੋਂ ਇਲਾਵਾ ਤਿੰਨ ਦੋਸ਼ੀਆਂ ਦੀ ਪ੍ਰਾਪਰਟੀ ਅਟੈਚ ਕੀਤੀ ਜਾ ਚੁੱਕੀ ਹੈ।ਇਸੇ ਤਰ੍ਹਾਂ ਡੀ.ਐਸ.ਪੀ. ਮਲੋਟ ਵੱਲੋਂ ਇਕੱਤਰ ਜਾਣਕਾਰੀ ਸਾਂਝੀ ਕਰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ 256 ਐਫ.ਆਈ.ਆਰ., ਸੱਤ ਕਿੱਲੋ ਹੈਰੋਇਨ, 24 ਕਿੱਲੋ ਅਫ਼ੀਮ, 65 ਕਿੱਲੋ ਪੋਸਤ, 11,877 ਨਸ਼ੀਲੀਆਂ ਗੋਲੀਆਂ, 10 ਲੱਖ ਦੇ ਕਰੀਬ ਡਰੱਗ ਮਨੀ ਤੋਂ ਇਲਾਵਾ ਨਸ਼ਿਆਂ ਤੋਂ ਮੁਨਾਫ਼ੇ ਕਮਾ ਕੇ ਬਣਾਈਆਂ ਗਈਆਂ ਪ੍ਰਾਪਰਟੀਆਂ ਨੂੰ ਪੰਜਾਬ ਸਰਕਾਰ ਵੱਲੋਂ ਕਾਰਵਾਈ ਕਰਦਿਆਂ ਛੇ ਨਜਾਇਜ਼ ਇਮਾਰਤਾਂ ਨੂੰ ਢਹਿ ਢੇਰੀ ਕੀਤਾ ਗਿਆ ਹੈ ਅਤੇ 403 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕੇ ਹਨ ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰਾਜ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਜੰਗੀ ਪੱਧਰ 'ਤੇ ਜਾਰੀ ਹੈ, ਜਿਸ ਦੇ ਵਧੀਆ ਸਿੱਟੇ ਸਾਹਮਣੇ ਆ ਰਹੇ ਹਨ। ਉਨ੍ਹਾਂ ਸ੍ਰੀ ਮੁਕਤਸਰ ਸਾਹਿਬ ਪ੍ਰਸ਼ਾਸ਼ਨ, ਪੁਲਿਸ ਪ੍ਰਸ਼ਾਸ਼ਨ ਤੇ ਜ਼ਿਲ੍ਹੇ ਦੀਆਂ ਪੇਂਡੂ ਰੱਖਿਆ ਕਮੇਟੀਆਂ, ਵਾਰਡ ਰੱਖਿਆ ਕਮੇਟੀਆਂ ਦੀ ਪ੍ਰਸ਼ੰਸ਼ਾ ਕੀਤੀ, ਜਿੰਨ੍ਹਾਂ ਨੇ ਇਸ ਮੁਹਿੰਮ ਵਿੱਚ ਉਸਾਰੂ ਰੋਲ ਅਦਾ ਕਰਕੇ ਨਸ਼ਿਆਂ ਦੇ ਖਾਤਮੇ ਵੱਲ ਕਦਮ ਚੁੱਕਿਆ ਹੈ। ਇਸ ਮੌਕੇ ਜ਼ਿਲ੍ਹਾ ਕੁਆਰਡੀਨੇਟਰ ਸ੍ਰ. ਮਨਵੀਰ ਖੁੱਡੀਆਂ ਨੇ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਉਨ੍ਹਾਂ ਨੂੰ ਨਸ਼ਿਆਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਮਿਲਦੀ ਹੈ ਤਾਂ ਉਹ ਇਸ ਸਬੰਧੀ ਸੂਚਨਾ ਵੀ.ਡੀ.ਸੀ. ਕਮੇਟੀ ਮੈਂਬਰਾਂ ਦੇ ਨਾਲ ਜਰੂਰ ਸਾਂਝੀ ਕਰਨ ਤਾਂ ਜੋ ਵੀ.ਡੀ.ਸੀ. ਕਮੇਟੀ ਦੇ ਮੈਂਬਰ ਆਪਣੀ ਆਈ.ਡੀ. ਨਾਲ ਅੱਗੇ ਉੱਚ ਅਧਿਕਾਰੀਆਂ ਨੂੰ ਇਸ ਬਾਰੇ ਜਾਣੂੰ ਕਰਵਾ ਸਕਣ ਅਤੇ ਸੂਚਨਾ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ।ਇਸ ਮੌਕੇ ਐਸ.ਡੀ.ਐੱਮ. ਮਲੋਟ ਸ੍ਰੀ ਜੁਗਰਾਜ ਸਿੰਘ ਕਾਹਲੋਂ, ਬੀ.ਡੀ.ਪੀ.ਓ. ਲੰਬੀ ਸ੍ਰੀ ਰਾਕੇਸ਼ ਬਿਸ਼ਨੋਈ, ਡੀ.ਐਸ.ਪੀ. ਲੰਬੀ ਸ੍ਰ. ਹਰਬੰਸ ਸਿੰਘ ਧਾਲੀਵਾਲ, ਡੀ.ਐਸ.ਪੀ. ਮਲੋਟ ਸ੍ਰੀ ਐਨ.ਪੀ.ਐਸ. ਲਹਿਲ, ਐਸ.ਐੱਚ.ਓ ਕਬਰਵਾਲਾ ਹਰਪ੍ਰੀਤ ਕੌਰ, ਐਸ.ਐੱਚ.ਓ. ਜਸਵੀਰ ਸਿੰਘ, ਐਸ.ਐੱਚ.ਓ. ਕਿੱਲਿਆਂਵਾਲੀ ਜਗਸੀਰ ਸਿੰਘ, ਗੁਰਬਾਜ ਸਿੰਘ ਪੀ.ਏ. ਪਰਮਪਾਲ ਸਿੰਘ, ਹਰਪ੍ਰੀਤ ਸਿੰਘ, ਦਿਲਬਾਗ ਸਰਪੰਚ, ਸ਼ਿਵਰਾਜ ਸਿੰਘ ਮਿੱਠੜੀ, ਸੁਰਜੀਤ ਸਿੰਘ ਚੇਅਰਮੈਨ, ਰਾਜਦੀਪ ਸਿੰਘ ਥਰਾਜਵਾਲਾ, ਮੰਗਪਾਲ ਸਿੰਘ ਸੇਖੋਂ, ਇੰਦਰਜੀਤ ਸਿੰਘ, ਮਨਜੀਤ ਸਿੰਘ ਭੁੱਲਰ, ਜਸਵਿੰਦਰ ਸਿੰਘ ਭਾਗੂ, ਸਰਪੰਚ ਬਲਵੀਰ ਸਿੰਘ, ਸਰਪੰਚ ਜਗਦੇਵ ਸਿੰਘ, ਹਰਪਾਲ ਸਿੰਘ ਸੰਧੂ, ਸਰਪੰਚ ਗੁਰਤੇਜ ਸਿੰਘ ਮਹੂਆਣਾ, ਸਮੂਹ ਪੰਚਾਇਤ ਸਕੱਤਰਾਂ ਤੋਂ ਇਲਾਵਾ ਸਿਵਲ ਪ੍ਰਸਾਸ਼ਨ, ਪੁਲਿਸ ਪ੍ਰਸਾਸ਼ਨ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਵੀ.ਡੀ.ਸੀ. ਕਮੇਟੀਆਂ ਦੇ ਨੁਮਾਂਇੰਦੇ ਹਾਜ਼ਰ ਸਨ।

# ਡਾ. ਏ.ਵੀ.ਐਮ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਸੁਕਰਾਨਾ ਸਮਾਗਮ ਆਯੋਜਿਤ

## • ਵਿਧਾਇਕ ਅਸੋਕ ਪਰਾਸਰ ਪੱਪੀ ਵਿਸੇਸ ਤੌਰ 'ਤੇ ਪਹੁੰਚੇ • ਵਿਦਿਆਰਥੀਆਂ ਦੇ ਚੰਗੇ ਭਵਿੱਖ ਅਤੇ ਸਰਬਤ ਦੇ ਭਲੇ ਲਈ ਕੀਤੀ ਗਈ ਅਰਦਾਸ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**

ਡਾ. ਏ.ਵੀ.ਐਮ ਪਬਲਿਕ ਸੀਨੀਅਰ ਸੈਕੈਂਡਰੀ ਸਕੂਲ, ਨੇੜੇ ਈਸਾ ਨਗਰੀ ਪੁੱਲੀ, ਲੁਧਿਆਣਾ ਵਿਖੇ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਛੱਤਰ ਛਾਇਆ ਹੇਠ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਸੁਕਰਾਨਾ ਦਿਵਸ ਮਨਾਇਆ ਗਿਆ ਅਤੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਲੁਧਿਆਣਾ ਕੇਂਦਰੀ ਵਿਧਾਨ ਸਭਾ ਹਲਕੇ ਦੇ ਐਮਐਲਏ ਅਸੋਕ ਪਰਾਸਰ ਪੱਪੀ ਪਹੁੰਚੇ ਸਨ। ਜਿਨ੍ਹਾਂ ਨੇ ਆਰਟ ਐਂਡ ਕਰਾਫਟ, ਸਾਇੰਸ, ਰੰਗੋਲੀ ਸਣੇ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲੈਣ









ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ। ਅਸ਼ੋਕ ਪਰਾਸਰ ਪੱਪੀ ਨੇ ਸੰਬੋਧਨ ਕਰਦਿਆਂ, ਕਿਹਾ ਕਿ ਡਾ. ਏ.ਵੀ.ਐਮ ਪਬਲਿਕ ਸੀਨੀਅਰ ਸੈਕੈਂਡਰੀ ਸਕੂਲ ਵੱਲੋਂ ਸਿੱਖਿਆ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੀਤਾ ਜਾ ਰਿਹਾ ਉਪਰਾਲਾ ਸਲਾਘਾ ਦੇ ਯੋਗ ਹੈ। ਉਹਨਾਂ ਨੇ ਖਾਸ ਤੌਰ ਤੇ ਸਕੂਲ ਦੇ ਪ੍ਰਬੰਧਕ ਅਤੇ ਡਾ. ਏ.ਵੀ.ਐਮ ਐਜੂਕੇਸਨਲ ਸੁਸਾਇਟੀ ਦੇ ਚੇਅਰਮੈਨ ਰਾਜੀਵ ਕੁਮਾਰ ਲਵਲੀ ਵੱਲੋਂ ਸਮਾਜ ਨੂੰ ਨਵੀਂ ਦਿਸਾ ਦੇਣ ਲਈ ਕੀਤੇ ਜਾ ਰਹੇ ਕੰਮ ਨੂੰ ਸਰਾਹਿਆ। ਰਾਜੀਵ ਕੁਮਾਰ ਲਵਲੀ ਨੇ ਪੱਪੀ ਅਤੇ ਹੋਰ ਮਹਿਮਾਨਾਂ ਦਾ ਧੰਨਵਾਦ ਪ੍ਰਗਟਾਉਂਦਿਆਂ, ਕਿਹਾ ਕਿ ਇਹ ਸਕੂਲ ਉਹਨਾਂ ਦੇ ਪਿਤਾ ਸਵ. ਬਾਬੂ ਅਜੀਤ ਕੁਮਾਰ, ਸਾਬਕਾ ਐਮਐਲਏ ਵੱਲੋਂ ਸੰਵਿਧਾਨ ਨਿਰਮਾਤਾ ਡਾ. ਬੀ.ਆਰ ਅੰਬੇਡਕਰ ਦੇ ਵਿਚਾਰਾਂ ਨੂੰ ਅੱਗੇ ਵਧਾਉਣ ਅਤੇ ਸਿੱਖਿਆ ਦੇ ਪ੍ਰਸਾਰ ਲਈ ਸੁਰੂ ਕੀਤਾ ਗਿਆ ਸੀ। ਉਨਾਂ ਦੀ ਸੰਸਥਾ ਸਮਾਜ ਦੇ ਲੋੜਵੰਦ ਵਰਗਾਂ ਤੱਕ ਸਿੱਖਿਆ ਤੇ ਪ੍ਰਸਾਰ ਲਈ ਕੰਮ ਕਰਦੀ ਹੈ। ਲਵਲੀ ਨੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਮੁਕਾਬਲਿਆਂ ਵਿੱਚ ਕੀਤੇ ਗਏ ਸਾਨਦਾਰ ਪ੍ਰਦਰਸਨ ਦੀ ਸਲਾਘਾ ਕਰਦਿਆਂ, ਕਿਹਾ ਕਿ ਇਹ ਸਭ ਪਰਮਾਤਮਾ ਦੀ ਮਿਹਰ ਅਤੇ ਇਹਨਾਂ ਦੇ ਅਧਿਆਪਕਾਂ ਤੇ ਮਾਪਿਆਂ ਵੱਲੋਂ ਕੀਤੀ ਗਈ ਸਖਤ ਮਿਹਨਤ ਦਾ ਨਤੀਜਾ ਹੈ। ਉਹਨਾਂ ਨੇ ਕਿਹਾ ਕਿ ਅੱਜ ਸਕੂਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜੂਰੀ ਹੇਠ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਵਾਹਿਗੁਰੂ ਨੂੰ ਸੁਕਰਾਨਾ ਕਰਕੇ ਬੱਚਿਆਂ ਦੇ ਸੁਨਹਿਰੀ ਭਵਿੱਖ ਅਤੇ ਸਰਬਤ ਦੇ ਭਲੇ ਲਈ ਅਰਦਾਸ ਕੀਤੀ ਗਈ ਹੈ, ਤਾਂ ਜੋ ਵਿਦਿਆਰਥੀ ਆਉਣ ਵਾਲੀਆਂ ਪ੍ਰੀਖਿਆਵਾਂ ਵਿੱਚ ਵਧੀਆ ਪ੍ਰਦਰਸਨ ਕਰਨ ਅਤੇ ਭਵਿੱਖ ਵਿੱਚ ਹੋਰ ਤਰੱਕੀ ਕਰਨ ਤੇ ਸਾਡਾ ਪੰਜਾਬ ਅਤੇ ਦੇਸ ਤਰੱਕੀ ਕਰੇ। ਇਸ ਦੌਰਾਨ ਪੰਜਾਬ ਭਾਜਪਾ ਖਜਾਨਚੀ ਗੁਰਦੇਵ ਸਰਮਾ ਦੇਬੀ, ਕੌਂਸਲਰ ਨਿੱਕੂ ਭਾਰਤੀ, ਕੌਂਸਲਰ ਰਾਜੂ ਬਾਬਾ, ਅਵਿਨਾਸ ਸਿੱਕਾ, ਰਮੇਸ ਬਾਂਗੜ, ਇੰਦਰਜੀਤ ਸਿੰਘ ਐਡਵੋਕੇਟ, ਜਸਬੀਰ ਸਿੰਘ ਲੁਧਿਆਣਾ, ਸਿਧਾਰਥ ਕੁਮਾਰ ਆਸਟ੍ਰੇਲੀਆ, ਪਵਨ ਕੁਮਾਰ ਹੈਪੀ, ਰਣਜੀਤ ਸਿੰਘ ਲਲਤੋਂ, ਕੁਲਵੰਤ ਸਿੰਘ ਵਿਰਦੀ, ਅਜੇ ਕੁਮਾਰ, ਵੰਸ, ਨਿਰਭੈ ਸਿੰਘ, ਬਿੰਨੀ, ਬ੍ਰਿਜੇਸ, ਵੇਦਾਂਤ, ਕੋਚ ਜੱਸੀ, ਬਲਵਿੰਦਰ ਗੋਲਡੀ, ਰਾਮਦਾਸ, ਵਿਕਾਸ ਮਲਹੋਤਰਾ, ਜੀਵਨ ਕੁਮਾਰ, ਨਿਹੰਗ ਬਾਬਾ ਬੋਹੜ ਸਿੰਘ ਵੱਲੋਂ ਵੀ ਸੁਕਰਾਨਾ ਸਮਾਗਮ ਸ਼?ਰਕਤ ਕੀਤੀ ਗਈ। ਇਸ ਤੋਂ ਪਹਿਲਾਂ, ਸਕੂਲ ਪ੍ਰਬੰਧਕ ਕਮੇਟੀ ਵੱਲੋਂ ਮਹਿਮਾਨਾਂ ਨੂੰ ਸਨਮਾਨ ਚਿੰਨ ਭੇਟ ਕੀਤੇ ਗਏ। ਜਿੱਥੇ ਹੋਰਨਾਂ ਤੋਂ ਇਲਾਵਾ, ਸਕੂਲ ਦੇ ਪ੍ਰਿੰਸੀਪਲ ਮਨੀਸਾ ਗਾਬਾ, ਅਮਿਤਾ ਰਾਜਨ, ਸੋਨੀਆ, ਹਰਸ ਬਾਲਾ, ਸਿਮਰਨ ਕੌਰ, ਰਾਜਦੀਪ ਕੌਰ, ਜਸਵਿੰਦਰ ਕੌਰ, ਮੀਨੂ ਸਿੱਧੂ, ਦਮਨਜੋਤ ਕੌਰ, ਖੁਸਬੂ, ਨਵਨੀਤ ਕੌਰ, ਇਸ਼?ਤਾ, ਪੂਨਮ ਗਿੱਲ ਵੀ ਮੌਜੂਦ ਰਹੇ।

## ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਦੇ ਵਫ਼ਦ ਵੱਲੋਂ ਕਰਨਾਟਕ ਦੇ ਮੁੱਖ ਮੰਤਰੀ ਨਾਲ ਮੁਲਾਕਾਤ

ਜ਼ਿਕਰ ਪੰਜਾਬ

**ਜੰਡਿਆਲਾ ਗੁਰੂ (ਅੰਮ੍ਰਿਤਸਰ)/ ਸਤਿੰਦਰ ਸਿੰਘ ਅਠਵਾਲ**

ਕਿਸਾਨ ਜਾਗਰੂਕਤਾ ਯਾਤਰਾ ਦੌਰਾਨ, ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਦੇ ਇੱਕ ਵਫ਼ਦ ਨੇ ਅੱਜ ਬੰਗਲੌਰ ਵਿੱਚ ਕਰਨਾਟਕ ਦੇ ਮੁੱਖ ਮੰਤਰੀ ਸਿੱਧਰਮਈਆ ਨਾਲ ਮੁਲਾਕਾਤ ਕੀਤੀ।



ਕਿਸਾਨਾਂ ਨੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਕਰਨਾਟਕ ਸਰਕਾਰ ਐਮਐਸਪੀ ਗਾਰੰਟੀ ਕਾਨੂੰਨ ਦੇ ਸਮਰਥਨ ਵਿੱਚ ਅਤੇ ਅਮਰੀਕਾ-ਭਾਰਤ ਵਪਾਰ ਸਮਝੌਤੇ ਦੇ ਵਿਰੁੱਧ ਕਰਨਾਟਕ ਵਿਧਾਨ ਸਭਾ ਵਿੱਚ ਇੱਕ ਮਤਾ ਪਾਸ ਕਰਵਾਏ। ਮੁੱਖ ਮੰਤਰੀ ਨੇ ਕਿਸਾਨਾਂ ਦੀਆਂ ਸਾਰੀਆਂ ਗੱਲਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਕਿਹਾ ਕਿ ਉਹ ਆਪਣੀ ਕੈਬਨਿਟ ਨਾਲ ਇਸ ਮੁੱਦੇ ਉੱਪਰ ਗੱਲ ਕਰਨਗੇ ਅਤੇ ਜਲਦੀ ਹੀ ਕਿਸਾਨ ਆਗੂ ਕੁਰਬੁਰੂ ਸ਼ਾਂਤਾਕੁਮਾਰ ਨੂੰ ਸੂਚਿਤ ਕਰਨਗੇ। ਕਿਸਾਨ ਆਗੂ ਕੁਰਬੁਰੂ ਸ਼ਾਂਤਕੁਮਾਰ ਨੇ ਕਿਹਾ ਕਿ 15 ਫਰਵਰੀ ਨੂੰ, ਭਾਰਤ-ਅਮਰੀਕਾ ਮੁਕਤ ਵਪਾਰ ਸਮਝੌਤੇ ਦੇ ਸਾਂਝੇ ਬਿਆਨ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ। ਜਿਸ ਲਈ ਸਾਰੇ ਆਗੂਆਂ ਦੀਆ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਕਰਨਾਟਕ ਦੇ ਹਜ਼ਾਰਾਂ ਪਿੰਡਾਂ ਦੇ ਕਿਸਾਨਾਂ ਵੱਲੋਂ ਖੇਤੀਬਾੜੀ ਮੰਗਾਂ ਸੰਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੰਬੋਧਿਤ ਕਰਦੇ ਹੋਏ ਮਤੇ ਪਾਸ ਕਰਕੇ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਦੇ ਕਨਵੀਨਰ ਜਗਜੀਤ ਸਿੰਘ ਡੱਲੇਵਾਲ ਅਤੇ ਸਹਿ-ਕਨਵੀਨਰ ਕੁਰਬੁਰੂ ਸ਼ਾਂਤਾਕੁਮਾਰ ਨੂੰ ਸੌਂਪੇ। ਕਿਸਾਨ ਆਗੂ ਲੀਲਾਧਰ ਰਾਜਪੂਤ ਨੇ ਦੱਸਿਆ ਕਿ ਕੱਲ੍ਹ ਆਂਧਰਾ ਪ੍ਰਦੇਸ਼ ਦੇ ਕੁਰਨੂਲ ਵਿੱਚ ਇੱਕ ਕਿਸਾਨ ਕਾਨਫਰੰਸ ਹੋਵੇਗੀ ਅਤੇ ਉਸ ਤੋਂ ਬਾਅਦ ਇਹ ਜਾਗਰੂਕਤਾ ਯਾਤਰਾ ਹੈਦਰਾਬਾਦ ਪਹੁੰਚੇਗੀ। ਕਰਨਾਟਕ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਹੋਈ ਮੁਲਾਕਾਤ ਵਿੱਚ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਦੇ ਵਫ਼ਦ ਵਿੱਚ ਜਗਜੀਤ ਸਿੰਘ ਡੱਲੇਵਾਲ, ਕੁਰਬੁਰੂ ਸ਼ਾਂਤਾਕੁਮਾਰ, ਅਭਿਮੰਨਿਊ ਕੋਹਾੜ, ਇੰਦਰਜੀਤ ਸਿੰਘ ਪੰਨੀਵਾਲਾ, ਹਰਸੁਲਿੰਦਰ ਸਿੰਘ, ਸੋਨੂੰ ਔਲਖ, ਅਰੁਣ ਪਟੇਲ, ਰਵੀ ਕੁਮਾਰ, ਨਾਗਰਾਜ, ਦੇਵਰਾਜ, ਮਹਾਵੀਰ ਸਹਾਰਨ, ਹਰਸ਼ਦੀਪ ਸਿੰਘ ਗਿੱਲ, ਬਲਪ੍ਰੀਤ ਸਿੰਘ, ਸੰਦੀਪ ਸਿੰਘ, ਰਣਬੀਰ ਕੁਮਾਰ, ਅਮਨਦੀਪ ਸਿੰਘ, ਕੇਸਰਾਮ ਗੋਦਾਰਾ, ਹਰਪ੍ਰੀਤ ਸਿੰਘ, ਦਿਲਬਾਗ ਸਿੰਘ, ਆਦਿ ਹਾਜ਼ਰ ਸਨ।

## ਕੇਂਦਰ ਨੇ ਬਿਹਾਰ, ਹਰਿਆਣਾ ਸਮੇਤ 5 ਰਾਜਾਂ ਵਿੱਚ ਪੇਂਡੂ ਸਥਾਨਕ ਸੰਸਥਾਵਾਂ ਲਈ 3,324 ਕਰੋੜ ਤੋਂ ਵੱਧ ਦੀ ਰਕਮ ਜਾਰੀ

ਜ਼ਿਕਰ ਪੰਜਾਬ

**ਹਰਿਆਣਾ/ਬਿਊਰੋ**

ਕੇਂਦਰ ਸਰਕਾਰ ਨੇ 12 ਫਰਵਰੀ ਨੂੰ ਬਿਹਾਰ, ਹਰਿਆਣਾ, ਹਿਮਾਚਲ ਪ੍ਰਦੇਸ, ਉੱਤਰ ਪ੍ਰਦੇਸ ਅਤੇ ਪੱਛਮੀ ਬੰਗਾਲ ਵਿੱਚ ਪੰਚਾਇਤੀ ਰਾਜ ਸੰਸਥਾਵਾਂ (ਪੀਆਰਆਈ)/ਪੇਂਡੂ ਸਥਾਨਕ ਸੰਸਥਾਵਾਂ (ਆਰਐੱਲਬੀ) ਨੂੰ ਵਿੱਤੀ ਸਾਲ 2025-26 ਲਈ 15ਵੇਂ ਵਿੱਤ ਕਮਿਸਨ ਦੀਆਂ ਖੁੱਲ੍ਹੀਆਂ ਗ੍ਰਾਂਟਾਂ ਦੀ ਦੂਜੀ ਕਿਸਤ ਨੂੰ ਮਨਜੂਰੀ ਮਗਰੋਂ ਜਾਰੀ ਕਰ ਦਿੱਤਾ ਗਿਆ ਹੈ ਤਾਂ ਜੋ ਜਮੀਨੀ ਪੱਧਰ 'ਤੇ ਸਾਸਨ ਨੂੰ ਹੋਰ ਮਜਬੂਤ ਕੀਤਾ ਜਾ ਸਕੇ ਅਤੇ ਲੋੜ-ਮੁਤਾਬਿਕ ਸਥਾਨਕ ਵਿਕਾਸ ਨੂੰ ਸਮਰੱਥ ਬਣਾਇਆ ਜਾ ਸਕੇ। ਇਸ ਕਿਸਤ ਦੇ ਤਹਿਤ, ਬਿਹਾਰ ਨੂੰ 80,240.00 ਲੱਖ ਰੁਪਏ (802.40 ਕਰੋੜ ਰੁਪਏ) ਪ੍ਰਾਪਤ ਹੋਏ ਹਨ, ਜਿਸ ਨਾਲ ਸਾਰੀਆਂ 38 ਜ਼?ਲ੍ਹਾ ਪੰਚਾਇਤਾਂ (ਡੀਪੀ), 533 ਬਲਾਕ ਪੰਚਾਇਤਾਂ (ਬੀਪੀ) ਅਤੇ 8,053 ਗ੍ਰਾਮ ਪੰਚਾਇਤਾਂ (ਜੀਪੀ) ਨੂੰ ਲਾਭ ਹੋਇਆ ਹੈ, ਨਾਲ ਹੀ 3 ਬਲਾਕ ਪੰਚਾਇਤਾਂ ਅਤੇ 7 ਗ੍ਰਾਮ ਪੰਚਾਇਤਾਂ ਲਈ ਪਹਿਲੀ ਕਿਸਤ ਦੇ ਰੋਕੇ ਗਏ ਹਿੱਸੇ ਵਿੱਚੋਂ 139.10 ਲੱਖ ਰੁਪਏ (1.39 ਕਰੋੜ ਰੁਪਏ) ਦੀ ਵਾਧੂ ਰਾਸੀ ਜਾਰੀ ਕੀਤੀ ਗਈ ਹੈ, ਜੋ ਹੁਣ ਇਸ ਦੇ ਯੋਗ ਬਣ ਚੁੱਕੀਆਂ ਹਨ । ਇਸੇ ਤਰ੍ਹਾਂ, ਹਰਿਆਣਾ ਵਿੱਚ ਯੋਗ 19 ਡੀਪੀ, 138 ਬੀਪੀ ਅਤੇ 6,194 ਜੀਪੀ ਨੂੰ ਕਵਰ ਕਰਦਿਆਂ 19,762.70 ਲੱਖ ਰੁਪਏ (197.627 ਕਰੋੜ ਰੁਪਏ) ਜਾਰੀ ਕੀਤੇ ਗਏ ਹਨ ਨਾਲ ਹੀ ਪਹਿਲੀ ਰੋਕੀ ਗਈ ਰਾਸੀ ਤੋਂ ਵਾਧੂ ਯੋਗ 1 ਡੀਪੀ, 4 ਬੀਪੀ ਅਤੇ 30 ਜੀਪੀ ਨੂੰ 249.80 ਲੱਖ ਰੁਪਏ (2.50 ਕਰੋੜ ਰੁਪਏ) ਜਾਰੀ ਕੀਤੇ ਗਏ ਹਨ। ਹਿਮਾਚਲ ਪ੍ਰਦੇਸ ਲਈ, ਸਾਰੀਆਂ 12 ਜ਼?ਲ੍ਹਾ ਪੰਚਾਇਤਾਂ, 80 ਯੋਗ ਬਲਾਕ ਪੰਚਾਇਤਾਂ ਅਤੇ 3,602 ਗ੍ਰਾਮ ਪੰਚਾਇਤਾਂ ਲਈ 6,830.03 ਲੱਖ ਰੁਪਏ (68.30 ਕਰੋੜ ਰੁਪਏ) ਜਾਰੀ ਕੀਤੇ ਗਏ, ਨਾਲ ਹੀ 26 ਵਾਧੂ ਯੋਗ ਗ੍ਰਾਮ ਪੰਚਾਇਤਾਂ ਨੂੰ 34.53 ਲੱਖ ਰੁਪਏ (0.35 ਕਰੋੜ ਰੁਪਏ) ਵੀ ਜਾਰੀ ਕੀਤੇ ਗਏ। ਉੱਤਰ ਪ੍ਰਦੇਸ ਦੀਆਂ ਸਾਰੀਆਂ 75 ਜ਼?ਲ੍ਹਾ ਪੰਚਾਇਤਾਂ, 826 ਬਲਾਕ ਪੰਚਾਇਤਾਂ ਅਤੇ 57,694 ਗ੍ਰਾਮ ਪੰਚਾਇਤਾਂ ਲਈ 1,55,940.00 ਲੱਖ ਰੁਪਏ (1,559.40 ਕਰੋੜ ਰੁਪਏ) ਜਾਰੀ ਕੀਤੇ ਗਏ, ਇਸ ਤੋਂ ਇਲਾਵਾ ਰੋਕੇ ਗਏ ਹਿੱਸੇ ਵਿੱਚੋਂ 2 ਡੀਪੀ, 13 ਬੀਪੀ ਅਤੇ 61 ਜੀਪੀ ਨੂੰ 1,101.64 ਲੱਖ ਰੁਪਏ (11.016 ਕਰੋੜ ਰੁਪਏ) ਵੀ ਜਾਰੀ ਕੀਤੇ ਗਏ ਹਨ, ਜੋ ਯੋਗ ਬਣ ਗਏ ਹਨ। ਪੱਛਮੀ ਬੰਗਾਲ ਨੂੰ ਇਸ ਕਿਸਤ ਦੇ ਤਹਿਤ ਯੋਗ 21 ਡੀਪੀ, 335 ਬੀਪੀ ਅਤੇ 3,225 ਗ੍ਰਾਮ ਪੰਚਾਇਤਾਂ ਲਈ 68,085.79 ਲੱਖ ਰੁਪਏ (680.86 ਕਰੋੜ ਰੁਪਏ) ਜਾਰੀ ਕੀਤੇ ਗਏ ਹਨ। ਭਾਰਤ ਸਰਕਾਰ ਪੰਚਾਇਤੀ ਰਾਜ ਮੰਤਰਾਲੇ ਅਤੇ ਜਲ ਸਕਤੀ ਮੰਤਰਾਲੇ (ਪੀਣ ਵਾਲੇ ਪਾਣੀ ਅਤੇ ਸੈਨੀਟੇਸਨ ਵਿਭਾਗ) ਰਾਹੀਂ ਪੇਂਡੂ ਸਥਾਨਕ ਸੰਸਥਾਵਾਂ ਲਈ ਸੂਬਿਆਂ ਨੂੰ ਪੰਦ੍ਹਰਵੇਂ ਵਿੱਤ ਫੰਡ ਗ੍ਰਾਂਟ ਜਾਰੀ ਕਰਨ ਦੀ ਸਿਫਾਰਸ ਕਰਦੀ ਹੈ, ਜਿਸ ਨੂੰ ਬਾਅਦ ਵਿੱਚ ਵਿੱਤ ਮੰਤਰਾਲਾ ਜਾਰੀ ਕਰਦਾ ਹੈ। ਨਿਰਧਾਰਤ ਗ੍ਰਾਂਟ ਇੱਕ ਵਿੱਤੀ ਸਾਲ ਵਿੱਚ ਦੋ ਕਿਸਤਾਂ ਵਿੱਚ ਸਿਫਾਰਸ ਅਤੇ ਜਾਰੀ ਕੀਤੀ ਜਾਂਦੀ ਹੈ । ਖੁੱਲ੍ਹੀਆਂ ਗ੍ਰਾਂਟਾਂ ਦੀ ਵਰਤੋਂ ਪੰਚਾਇਤ ਰਾਜ ਸੰਸਥਾਵਾਂ/ਪੇਂਡੂ ਸਥਾਨਕ ਸੰਸਥਾਵਾਂ ਵੱਲੋਂ ਸਥਾਨ-ਵਿਸੇਸ ਜਰੂਰਤਾਂ ਲਈ ਕੀਤੀ ਜਾਂਦੀ ਹੈ, ਸੰਵਿਧਾਨ ਦੀ ਗਿਆਰ੍ਹਵੀਂ ਅਨੁਸੂਚੀ ਵਿੱਚ ਸਾਮਲ ਉਨ੍ਹਾਂ 29 ਵਿਸ਼ਿਆਂ ਦੇ ਤਹਿਤ, ਜਿਸ ਵਿੱਚ ਤਨਖਾਹਾਂ ਅਤੇ ਹੋਰ ਸਥਾਪਨਾ ਖਰਚੇ ਸਾਮਲ ਨਹੀਂ ਹਨ। ਪ੍ਰਤਿਬੰਧਿਤ ਗ੍ਰਾਂਟਾਂ ਦੀ ਵਰਤੋਂ ਬੁਨਿਆਦੀ ਸੇਵਾਵਾਂ ਲਈ ਕੀਤੀ ਜਾ ਸਕਦੀ ਹੈ, ਜਿਸ ਵਿੱਚ (ੳ) ਸਵੱਛਤਾ ਅਤੇ ਓਡੀਐੱਫ ਸਥਿਤੀ ਦੀ ਦੇਖਭਾਲ ਸਾਮਲ ਹੈ ਅਤੇ ਇਸ ਵਿੱਚ ਘਰੇਲੂ ਰਹਿੰਦ-ਖੂੰਹਦ ਦਾ ਪ੍ਰਬੰਧਨ ਅਤੇ ਇਲਾਜ, ਖਾਸ ਕਰਕੇ ਮਨੁੱਖੀ ਮਲ-ਮੂਤਰ ਅਤੇ ਮਲ-ਚਿੱਕੜ ਦਾ ਪ੍ਰਬੰਧਨ ਸਾਮਲ ਹੋਣਾ ਚਾਹੀਦਾ ਹੈ ਅਤੇ (ਅ) ਪੀਣ ਵਾਲੇ ਪਾਣੀ ਦੀ ਸਪਲਾਈ, ਮੀਂਹ ਦੇ ਪਾਣੀ ਦੀ ਸੰਭਾਲ ਅਤੇ ਪਾਣੀ ਦੀ ਰੀਸਾਈਕਲਿੰਗ ਸਾਮਲ ਹੈ।

## ਪੰਚਤਵ ਅਧਿਆਤਮਿਕ ਅਤੇ ਚੈਰੀਟੇਬਲ ਟਰੱਸਟ, ਕੁਰੂਕਸ਼ੇਤਰ ਵਿਖੇ ਸ਼ਾਨਦਾਰ ਜੋਤਿਸ਼ ਸੰਮੇਲਨ ਦਾ ਆਯੋਜਨ

### ਮੈਡਮ ਪ੍ਰੀਤ ਅਰੋੜਾ ਨੇ ਉਚੇਚੇ ਤੌਰ ਤੇ ਕੀਤਾ ਸਨਮਾਨਿਤ

ਜ਼ਿਕਰ ਪੰਜਾਬ

**ਲੁਧਿਆਣਾ/ਅਸ਼ਵਨੀ ਅਹੂਜਾ**

ਪੰਚਤਵ ਅਧਿਆਤਮਿਕ ਅਤੇ ਚੈਰੀਟੇਬਲ ਟਰੱਸਟ, ਵੱਲੋਂ ਹੋਟਲ ਸ਼ਿਵਾਲਿਕ ਕੁਰੂਕਸ਼ੇਤਰ ਵਿਖੇ ਸਫਲਤਾਪੂਰਵਕ ਇੱਕ ਸ਼ਾਨਦਾਰ ਜੋਤਿਸ਼ ਸੰਮੇਲਨ ਦਾ ਆਯੋਜਨ ਕੀਤਾ।ਇਸ ਸੰਮੇਲਨ ਦਾ ਉਦੇਸ਼ ਜੋਤਿਸ਼ ਰਾਹੀਂ ਸਮਾਜ ਵਿੱਚ ਸਕਾਰਾਤਮਕ ਸੋਚ, ਅਧਿਆਤਮਿਕ ਚੇਤਨਾ ਅਤੇ ਮਨੁੱਖੀ ਭਲਾਈ ਨੂੰ ਉਤਸ਼ਾਹਿਤ ਕਰਨਾ ਸੀ।ਇਹ ਸਮਾਗਮ ਸ਼੍ਰੀ ਹਰੀਸ਼ ਪ੍ਰਭਾਕਰ ਅਤੇ ਗੁਰੂਦੇਵ ਜੀ.ਡੀ. ਵਸ਼ਿਸ਼ਟ ਦੀ ਅਗਵਾਈ ਹੇਠ ਕਰਵਾਇਆ ਗਿਆ।ਇਸ ਮੌਕੇ ਆਪਣੇ ਭਾਸ਼ਣਾਂ ਵਿੱਚ, ਦੋਵਾਂ ਪ੍ਰਬੰਧਕਾਂ ਨੇ ਜੋਤਿਸ਼ ਅਤੇ ਅਧਿਆਤਮਿਕਤਾ ਦੀ ਮਹੱਤਤਾ ਨੂੰ ਉਜਾਗਰ ਕੀਤਾ ਅਤੇ ਇਸਨੂੰ ਜੀਵਨ ਮਾਰਗਦਰਸ਼ਨ ਲਈ ਇੱਕ ਸ਼ਕਤੀਸ਼ਾਲੀ ਮਾਧਿਅਮ ਦੱਸਿਆ।ਕਾਨਫਰੰਸ ਵਿੱਚ ਵਿਸ਼ੇਸ਼ ਮਹਿਮਾਨ ਵੀ ਸ਼ਾਮਲ ਹੋਏ ਸ਼੍ਰੀ ਧਰਮਪਾਲ ਚੌਧਰੀ ,ਸ਼੍ਰੀ ਜੈ ਪ੍ਰਕਾਸ਼, ਸ਼੍ਰੀ ਅਕਸ਼ੈ ਸ਼ਰਮਾ ,ਪੰਡਿਤ ਰਾਜੀਵ ਸ਼ਰਮਾ, ਮੈਡਮ ਪ੍ਰੀਤ ਅਰੋੜਾ ਲੁਧਿਆਣਾ, ਸ਼੍ਰੀ ਅਨਿਲ ਵਤਸ, ਸ਼੍ਰੀ ਵਰਧਾ




ਸੁਮਨ ਸੂਦ,ਜੁਗਲ ਕਿਸ਼ੋਰ,ਅਤੇ ਸ਼੍ਰੀ ਹਰੀਸ਼ ਟੁਕੀ ਖਾਸ ਤੌਰ 'ਤੇ, ਸ਼੍ਰੀ ਅਨਿਲ ਵਤਸ ਨੇ ਜੋਤਿਸ਼ ਦੇ ਸਮਾਜਿਕ ਅਤੇ ਵਿਵਹਾਰਕ ਪਹਿਲੂਆਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ।ਪ੍ਰਧਾਨ ਸ਼੍ਰੀਮਤੀ ਮੀਨਾ ਕੁਮਾਰੀ, ਉਪ ਪ੍ਰਧਾਨ ਸ਼੍ਰੀ ਮਾਹੀ ਪਾਲ, ਸਕੱਤਰ ਸ਼੍ਰੀ ਵਿਨੋਦ, ਅਤੇ ਖਜ਼ਾਨਚੀ ਸ਼੍ਰੀਮਤੀ ਮੁਸਕਾਨ ਵੀ ਪੰਚਤਵ ਅਧਿਆਤਮਿਕ ਅਤੇ ਚੈਰੀਟੇਬਲ ਟਰੱਸਟ ਸਮਾਗਮ ਵਿੱਚ ਮੌਜੂਦ ਸਨ ਅਤੇ ਸਮਾਗਮ ਦੇ ਆਯੋਜਨ ਵਿੱਚ ਸਰਗਰਮ ਭੂਮਿਕਾ ਨਿਭਾਈ।ਕਾਨਫਰੰਸ ਦੌਰਾਨ, ਜੋਤਿਸ਼, ਅਧਿਆਤਮਿਕਤਾ ਅਤੇ ਸਮਾਜ ਸੇਵਾ ਨਾਲ ਸਬੰਧਤ ਵਿਸ਼ਿਆਂ 'ਤੇ ਵਿਆਪਕ, ਵਿਸਤ੍ਰਿਤ ਅਤੇ ਜਾਣਕਾਰੀ ਭਰਪੂਰ ਚਰਚਾ ਹੋਈ। ਬੁਲਾਰਿਆਂ ਨੇ ਜੋਤਿਸ਼ ਨੂੰ ਸਿਰਫ਼ ਭਵਿੱਖਬਾਣੀਆਂ ਹੀ ਨਹੀਂ, ਸਗੋਂ ਸਵੈ-ਪ੍ਰਤੀਬਿੰਬ, ਮਾਰਗਦਰਸ਼ਨ ਅਤੇ ਸਮਾਜਿਕ ਉੱਨਤੀ ਲਈ ਇੱਕ ਸਾਧਨ ਦੱਸਿਆ।ਪ੍ਰੋਗਰਾਮ ਦੇ ਅੰਤ ਵਿੱਚ, ਟਰੱਸਟ ਨੇ ਸਾਰੇ ਮਹਿਮਾਨਾਂ, ਬੁਲਾਰਿਆਂ ਅਤੇ ਭਾਗੀਦਾਰਾਂ ਦਾ ਧੰਨਵਾਦ ਕੀਤਾ।

## ਬਾਵਾ ਵੱਲੋਂ ਕੁਲਵਿੰਦਰ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸਟਰੀ ਫਾਊਂਡੇਸਨ ਹਰਿਆਣਾ ਦੇ ਪ੍ਰਧਾਨ ਨਿਯੁਕਤ ਕੀਤੇ

### ਉਮਰਾਓ ਸਿੰਘ ਛੀਨਾ ਅੰਤਰਰਾਸਟਰੀ ਫਾਊਂਡੇਸਨ ਦੇ ਵਾਈਸ ਪ੍ਰਧਾਨ ਨਿਯੁਕਤ

ਜ਼ਿਕਰ ਪੰਜਾਬ

**ਮੁੱਲਾਂਪੁਰ ਦਾਖਾ/ਬਿਊਰੋ**

ਉੱਘੇ ਸਮਾਜਸੇਵੀ ਧਾਰਮਿਕ ਸਖਸੀਅਤ ਸਵ. ਵਰਿਆਮ ਸਿੰਘ ਜੀ ਦੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਹੇਵਾ ਬਲੋਚਪੁਰ (ਹਰਿਆਣਾ) ਗੁਰਦੁਆਰਾ ਸਾਹਿਬ ਬਾਬਾ ਜੋਰਾਵਰ ਸਿੰਘ, ਬਾਬਾ ਫਤਿਹ ਸਿੰਘ ਵਿਖੇ ਉਨ੍ਹਾਂ ਦੀ ਨਿੱਘੀ ਅਤੇ ਮਿੱਠੀ ਯਾਦ ਵਿਚ ਭੋਗ ਪਾਏ ਗਏ। ਇਸ ਸਮੇਂ ਸਮਾਗਮ ਵਿੱਚ ਮੁੱਖ ਤੌਰ 'ਤੇ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸਟਰੀ ਫਾਊਂਡੇਸਨ ਦੇ ਪ੍ਰਧਾਨ ਕ੍ਰਿਸਨ ਕੁਮਾਰ ਬਾਵਾ ਅਤੇ ਫਾਊਂਡੇਸਨ ਦੇ ਅੰਤਰਰਾਸਟਰੀ ਸਰਪ੍ਰਸਤ ਚਰਨ ਸਿੰਘ ਪ੍ਰੇਮਪੁਰਾ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਮਰੀਕਾ ਵੀ ਪਹੁੰਚੇ। ਇਸ ਸਮੇਂ ਹੋਈਆਂ ਵਿਚਾਰਾਂ ਤੋਂ ਬਾਅਦ ਸਵ. ਵਰਿਆਮ ਸਿੰਘ ਦੇ



ਸਪੁੱਤਰ ਕੁਲਵਿੰਦਰ ਸਿੰਘ ਨੂੰ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸਟਰੀ ਫਾਊਂਡੇਸਨ ਹਰਿਆਣਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਜਦਕਿ ਉਮਰਾਓ ਸਿੰਘ ਛੀਨਾ ਨੂੰ ਅੰਤਰਰਾਸਟਰੀ ਫਾਊਂਡੇਸਨ ਦਾ ਵਾਈਸ ਪ੍ਰਧਾਨ ਬਣਾਇਆ ਗਿਆ। ਇਸ ਸਮੇਂ ਅਮਰੀਕਾ ਤੋਂ ਆਏ ਸੁਖਵੰਤ ਸਿੰਘ, ਗੁਰਵੰਤ ਸਿੰਘ, ਬੀਬੀ ਲਖਵਿੰਦਰ ਕੌਰ ਪ੍ਰੇਮਪੁਰਾ, ਬੀਬੀ ਬਲਜਿੰਦਰ ਕੌਰ ਛੀਨਾ ਵੀ ਵਿਸੇਸ ਤੌਰ 'ਤੇ ਹਾਜਰ ਸਨ। ਇਸ ਸਮੇਂ 'ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ' ਪੁਸਤਕ ਵੀ ਭੇਂਟ ਕੀਤੀ ਗਈ। ਇਸ ਸਮੇਂ ਬੋਲਦੇ ਸ੍ਰੀ ਬਾਵਾ ਅਤੇ ਚਰਨ ਸਿੰਘ ਨੇ ਕਿਹਾ ਕਿ ਸਵ. ਵਰਿਆਮ ਸਿੰਘ ਦੀ ਸੱਚੀ ਕਿਰਤ, ਸਮਾਜ ਸੇਵਾ, ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਉਣ ਦੇ ਨਾਲ ਨਾਲ ਆਪਣੇ ਵਲੋਂ ਜਮੀਨ ਦਾਨ ਵਜੋਂ ਦੇਣਾ, ਵਿਦਿਆ, ਮੈਡੀਕਲ ਅਤੇ ਸਪੋਰਟਸ ਖੇਤਰ ਵਿੱਚ ਸੇਵਾ ਕਰਨਾ ਉਹਨਾਂ ਦੀ ਬਹੁਪੱਖੀ ਸਖਸੀਅਤ ਨੂੰ ਦਰਸਾਉਂਦਾ ਹੈ। ਉਹਨਾਂ ਕਿਹਾ ਕਿ ਲੋੜ ਹੈ ਉਹਨਾਂ ਦੇ ਜੀਵਨ ਤੋਂ ਸੇਧ ਲੈ ਕੇ ਸਮਾਜ ਸੇਵਾ ਲਈ ਮਹਾਨ ਗੁਰੂਆਂ ਦੇ ਉਪਦੇਸ ਮੁਤਾਬਕ ਮੋਹਰੀ ਭੂਮਿਕਾ ਨਿਭਾਈਏ। ਇਸ ਸਮੇਂ ਕੁਲਵਿੰਦਰ ਸਿੰਘ ਅਤੇ ਉਮਰਾਓ ਸਿੰਘ ਛੀਨਾ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸਟਰੀ ਫਾਊਂਡੇਸਨ ਵੱਲੋਂ ਲਗਾਈ ਸੇਵਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜੀਵਨ ਨਾਲ ਸੰਬੰਧਿਤ ਦਿਹਾੜੇ ਅਸੀਂ ਹਰਿਆਣਾ ਵਿੱਚ ਵੀ ਮਨਾਵਾਂਗੇ। ਉਹਨਾਂ ਇਸ ਨਿਯੁਕਤੀ ਲਈ ਫਾਊਂਡੇਸਨ ਦੇ ਅੰਤਰਰਾਸਟਰੀ ਪ੍ਰਧਾਨ ਕ੍ਰਿਸਨ ਕੁਮਾਰ ਬਾਵਾ ਦਾ ਧੰਨਵਾਦ ਕੀਤਾ ਅਤੇ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ। ਇਸ ਸਮੇਂ ਬਾਵਾ ਨੇ ਦੱਸਿਆ ਕਿ 19 ਫਰਵਰੀ ਨੂੰ ਸਾਮ 3 ਵਜੇ ਰਕਬਾ ਭਵਨ ਵਿਖੇ 'ਰਿਸ਼ਤਿਆਂ ਦਾ ਸਤਿਕਾਰ' ਵਿਸੇ 'ਤੇ ਵਿਚਾਰਾਂ ਹੋਣਗੀਆਂ ਜਿਸ ਵਿੱਚ ਪ੍ਰੋ. ਗੁਰਭਜਨ ਗਿੱਲ ਅਤੇ ਤਰਲੋਚਨ ਲੋਚੀ ਹਿੱਸਾ ਲੈਣਗੇ।



# ਵਿਧਾਇਕ ਬੱਗਾ ਵੱਲੋਂ ਗੀਤਾ ਕਲੋਨੀ ’ਚ ਨਵੀਆਂ ਸੜਕਾਂ ਦੇ ਨਿਰਮਾਣ ਕਾਰਜਾਂ ਦਾ ਆਗਾਜ਼

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**

ਇਲਾਕੇ ਦੇ ਵਸਨੀਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦੇ ਮੰਤਵ ਨਾਲ, ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਤੋਂ ਵਿਧਾਇਕ ਮਦਨ ਲਾਲ ਬੱਗਾ ਵਲੋਂ ਸਥਾਨਕ ਵਾਰਡ ਨੰਬਰ ਇੱਕ ਅਧੀਨ ਗੀਤਾ ਕਲੋਨੀ ਵਿਖੇ ਨਵੀਆਂ ਸੜਕਾਂ ਦੇ ਨਿਰਮਾਣ ਕਾਰਜ਼ਾਂ ਦਾ ਸ਼ੁਰੂਆਤ ਕਰਵਾਈ ਗਈ। ਇਸ ਮੌਕੇ ਕੌਂਸਲਰ ਅਮਨ ਬੱਗਾ ਖੁਰਾਨਾ, ਕੌਂਸਲਰ ਰਣਧੀਰ ਸਿੰਘ ਸੀਵੀਆ, ਕੁਲਦੀਪ ਮੱਕੜ, ਦੀਪਕ ਕੁਮਾਰ, ਵਰਿੰਦਰ ਕੌਫੀ ਅਤੇ ਵੱਡੀ ਗਿਣਤੀ ਦੇ ਵਿੱਚ ਇਲਾਕਾ ਨਿਵਾਸੀ ਵੀ ਮੌਜੂਦ ਰਹੇ। ਵਿਧਾਇਕ ਬੱਗਾ ਨੇ ਦੱਸਿਆ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ



ਵਸਨੀਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਕਰੀਬ 57 ਲੱਖ ਰੁਪਏ ਖਰਚ ਕੀਤੇ ਜਾਣਗੇ ਅਤੇ ਪ੍ਰੋਜੈਕਟ ਮੁਕੰਮਲ ਹੋਣ ਤੋਂ ਬਾਅਦ ਆਵਾਜਾਈ ਸੁਚਾਰੂ ਢੰਗ ਨਾਲ ਚੱਲੇਗੀ। ਹਲਕਾ ਲੁਧਿਆਣਾ ਉੱਤਰੀ ਨੂੰ ਵਿਕਾਸ ਪੱਖੋਂ ਮੋਹਰੀ ਬਣਾਉਣ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਵਿਧਾਇਕ ਬੱਗਾ ਅਤੇ ਉਨ੍ਹਾ ਦੀ ਟੀਮ ਨੇ ਕਿਹਾ ਕਿ ਨਵੀਂ ਸੜਕ ਦਾ ਨਿਰਮਾਣ ਜੰਗੀ ਪੱਧਰ ‘ਤੇ ਕਰਵਾਇਆ ਜਾਵੇਗਾ। ਉਨ੍ਹਾ ਸਪੱਸ਼ਟ ਕੀਤਾ ਕਿ ਪਿੰਡਾਂ ਦੇ ਨਾਲ ਸ਼ਹਿਰਾਂ ਦੇ ਵਿੱਚ ਵੀ ਸੜਕ ਕੁਨੇਕਟੀਵਿਟੀ ਨੂੰ ਬਿਹਤਰ ਬਣਾਉਣ ਦੇ ਲਈ ਲਗਾਤਾਰ ਸਾਡੀ ਸਰਕਾਰ ਵੱਲੋਂ ਯਤਨ ਕੀਤੇ ਜਾ ਰਹੇ ਹਨ।

# ਡਿਪਟੀ ਕਮਿਸ਼ਨਰ ਨੇ ਮੁੱਖ ਮੰਤਰੀ ਸਿਹਤ ਯੋਜਨਾ, ਤੀਰਥ ਯਾਤਰਾ ਅਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਕੀਤੀ ਸਮੀਖਿਆ

## ਲੁਧਿਆਣਾ ਪ੍ਰਸ਼ਾਸਨ ਦੀ ਵਚਨਬੱਧਤਾ, ਕੋਈ ਵੀ ਯੋਗ ਨਿਵਾਸੀ ਸਕੀਮਾਂ ਤੋਂ ਵਾਂਝਾ ਨਹੀਂ ਰਹੇਗਾ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**

ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਲੁਧਿਆਣਾ ਵਿੱਚ ਪੰਜਾਬ ਸਰਕਾਰ ਦੀਆਂ ਤਿੰਨ ਵੱਡੀਆਂ ਪਹਿਲਕਦਮੀਆਂ ਜਿਨ੍ਹਾਂ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ, ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਅਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਘੱਟ ਤੋਂ ਘੱਟ ਸਮੇਂ ਵਿੱਚ ਰਜਿਸਟ੍ਰੇਸ਼ਨ ਨੂੰ ਵੱਧ ਤੋਂ ਵੱਧ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਦੀਆਂ ਸਾਰੀਆਂ ਸਬ-ਡਵੀਜ਼ਨਾਂ ਵਿੱਚ 72 ਥਾਵਾਂ ’ਤੇ ਵਿਸ਼ੇਸ਼ ਰਜਿਸਟ੍ਰੇਸ਼ਨ ਕੈਂਪ ਲਗਾ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਰਜਿਸਟ?ਰੇਸ਼ਨ ਪ੍ਰਕਿਰਿਆ ਨੂੰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਹਰੇਕ ਯੋਗ ਪਰਿਵਾਰ ਪ੍ਰਤੀ ਸਾਲ 10 ਲੱਖ ਰੁਪਏ ਤੱਕ ਦੇ ਮੁਫਤ ਡਾਕਟਰੀ ਇਲਾਜ ਦਾ ਲਾਭ ਪ੍ਰਾਪਤ ਕਰ ਸਕੇ। ਉਨ੍ਹਾਂ ਦੱਸਿਆ ਕਿ ਰਜਿਸਟ੍ਰੇਸ਼ਨ ਲਈ ਦਸਤਾਵੇਜ਼ਾਂ ਦੀ ਲੋੜ ਹੁੰਦੀ ਹੈ ਜਿਸ ਵਿੱਚ ਮੋਬਾਈਲ ਨੰਬਰ, ਵੋਟਰ ਆਈ.ਡੀ ਕਾਰਡ, ਜਨਮ ਸਰਟੀਫਿਕੇਟ ਅਤੇ 18 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਪਰਿਵਾਰਕ ਮੈਂਬਰ ਲਈ ਆਧਾਰ ਕਾਰਡ ਲਾਜ਼ਮੀ ਹੈ। ਇਸ ਸਕੀਮ ਤਹਿਤ ਪੰਜਾਬ ਦਾ ਹਰ ਪਰਿਵਾਰ ਪੰਜਾਬ ਅਤੇ ਚੰਡੀਗੜ੍ਹ ਦੇ ਸਰਕਾਰੀ



ਹਸਪਤਾਲਾਂ ਦੇ ਨਾਲ-ਨਾਲ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿੱਚ ਦਾਖਲ ਹੋ ਕੇ ਡਾਇਗਨੌਸਟਿਕ ਸੇਵਾਵਾਂ ਅਤੇ ਡੇ-ਕੇਅਰ ਪ੍ਰਕਿਰਿਆਵਾਂ ਸਮੇਤ ਪੂਰੀ ਤਰ੍ਹਾਂ ਮੁਫ਼ਤ ਇਲਾਜ ਦਾ ਹੱਕਦਾਰ ਹੈ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦਾ ਵੀ ਜਾਇਜ਼ਾ ਲਿਆ ਜਿਸ ਤਹਿਤ ਯੋਗ ਸ਼ਰਧਾਲੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਆਨੰਦਪੁਰ ਸਾਹਿਬ ਅਤੇ ਹੋਰ ਪ੍ਰਮੁੱਖ ਧਾਰਮਿਕ ਸਥਾਨਾਂ ਸਮੇਤ ਪਵਿੱਤਰ ਸਥਾਨਾਂ ਦੀ ਮੁਫ਼ਤ ਯਾਤਰਾ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਯਾਤਰਾ ਦੌਰਾਨ ਰਿਹਾਇਸ਼, ਭੋਜਨ ਅਤੇ ਹੋਰ ਪ੍ਰਬੰਧਾਂ ਨਾਲ ਸਬੰਧਤ ਸਾਰੇ ਖਰਚੇ ਰਾਜ ਸਰਕਾਰ ਸਹਿਣ ਕਰਦੀ ਹੈ। ਹਿਮਾਂਸ਼ੂ ਜੈਨ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਸਕੀਮ ਸਾਰੀਆਂ ਜਾਤਾਂ, ਧਰਮਾਂ, ਆਮਦਨ ਸਮੂਹਾਂ ਅਤੇ ਹੋਰ ਖੇਤਰਾਂ ਦੇ ਲੋਕਾਂ ਲਈ ਖੁੱਲ੍ਹੀ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸਾਰੇ ਸ਼ਰਧਾਲੂਆਂ ਲਈ ਮੁਸ਼ਕਲ ਰਹਿਤ ਅਤੇ ਆਰਾਮਦਾਇਕ ਯਾਤਰਾਵਾਂ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ। ਡੀ.ਸੀ ਨੇ ਯੁੱਧ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਦੀ ਵੀ ਸਮੀਖਿਆ ਕੀਤੀ ਅਤੇ ਲੋਕਾਂ ਨੂੰ ਇੱਕਜੁੱਟ ਹੋਣ ਅਤੇ ਨਸ਼ਿਆਂ ਦੇ ਖ਼ਤਰੇ ਵਿਰੁੱਧ ਲੜਾਈ ਦਾ ਸਰਗਰਮੀ ਨਾਲ ਸਮਰਥਨ ਕਰਨ ਲਈ ਕਿਹਾ ਜਦੋਂ ਤੱਕ ਨਸ਼ਾ ਜ਼ਿਲ੍ਹੇ ਵਿੱਚੋਂ ਪੂਰੀ ਤਰ੍ਹਾਂ ਖਤਮ ਨਹੀਂ ਹੋ ਜਾਂਦਾ। ਹਿਮਾਂਸ਼ੂ ਜੈਨ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਪ੍ਰਮੁੱਖ ਪ੍ਰੋਗਰਾਮ ਪੰਜਾਬ ਸਰਕਾਰ ਦੀ ਹਰੇਕ ਨਾਗਰਿਕ ਦੀ ਭਲਾਈ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਬਜੁਰਗਾਂ ਅਤੇ ਆਮ ਲੋਕਾਂ ਲਈ ਇੱਕ ਬਹੁਤ ਹੀ ਵਧੀਆ ਅਤੇ ਲਾਭਕਾਰੀ ਉਪਰਾਲਾ : ਵਿਧਾਇਕ ਗਿਆਸਪੁਰਾ

ਜ਼ਿਕਰ ਪੰਜਾਬ

**ਖੰਨਾ/ਦਿਵਿਆਂਸ਼ੂ ਸ਼ਰਮਾ**

ਪੰਜਾਬ ਅੰਦਰ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ ਹਲਕਾ

■ **ਪਾਇਲ ਹਲਕੇ ਦੇ ਪਿੰਡ ਰਾਮਪੁਰ ਤੋਂ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਲਈ ਰਵਾਨਾ ਕੀਤਾ ਵਿਸ਼ਾਲ ਜੱਥਾ**

ਪਾਇਲ ਤੋਂ ਸ਼ਰਧਾਲੂਆਂ ਦਾ ਇੱਕ ਵੱਡਾ ਜੱਥਾ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਲਈ ਰਵਾਨਾ ਕੀਤਾ ਗਿਆ। ਪਿੰਡ ਰਾਮਪੁਰ ਤੋਂ ਇਸ ਯਾਤਰਾ ਦੀ ਸ਼ੁਰੂਆਤ ਕਰਵਾਉਂਦੇ ਹੋਏ



ਹਲਕਾ ਪਾਇਲ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਹਰੀ ਝੰਡੀ ਦਿਖਾ ਕੇ ਬੱਸ ਨੂੰ ਰਵਾਨਾ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕੇ ਦੇ ਬਜ਼ੁਰਗ, ਔਰਤਾਂ ਅਤੇ ਹੋਰ ਸ਼ਰਧਾਲੂ ਮੌਜੂਦ ਸਨ, ਜਿਨ੍ਹਾਂ ਵਿੱਚ ਯਾਤਰਾ ਨੂੰ ਲੈ ਕੇ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਦੱਸਿਆ ਕਿ ਇਹ ਜੱਥਾ ਤਿੰਨ ਦਿਨਾਂ ਦੀ ਯਾਤਰਾ ਲਈ ਰਵਾਨਾ ਹੋਇਆ ਹੈ। ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਤੋਂ ਇਲਾਵਾ ਸ਼ਰਧਾਲੂ ਵਾਘਾ ਬਾਰਡਰ ਵੀ ਜਾਣਗੇ।

ਤੀਜੇ ਦਿਨ ਯਾਤਰਾ ਪੂਰੀ ਕਰਕੇ ਜੱਥਾ ਸੁਰੱਖਿਅਤ ਤਰੀਕੇ ਨਾਲ ਵਾਪਸ ਆਪਣੇ ਘਰਾਂ ਨੂੰ ਪਰਤੇਗਾ। ਉਨ੍ਹਾਂ ਕਿਹਾ ਕਿ ਸਾਰੀ ਯਾਤਰਾ ਦੀ ਵਿਵਸਥਾ ਸਰਕਾਰ ਵੱਲੋਂ ਕੀਤੀ ਗਈ ਹੈ, ਜਿਸ ਵਿੱਚ ਆਵਾਜਾਈ, ਰਹਿਣ-ਸਹਿਣ ਅਤੇ ਭੋਜਨ ਦੀ ਸੁਵਿਧਾ ਸ਼ਾਮਲ ਹੈ। ਵਿਧਾਇਕ ਗਿਆਸਪੁਰਾ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਖੂਬ ਸ਼ਲਾਘਾ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਬਜ਼ੁਰਗਾਂ ਅਤੇ ਆਮ ਲੋਕਾਂ ਲਈ ਇਕ ਬਹੁਤ ਹੀ ਵਧੀਆ ਅਤੇ ਲਾਭਕਾਰੀ ਉਪਰਾਲਾ ਹੈ। ਇਸ ਯੋਜਨਾ ਦੇ ਤਹਿਤ ਬਜ਼ੁਰਗਾਂ ਨੂੰ ਵੱਡੀ ਸਹੂਲਤ ਮਿਲ ਰਹੀ ਹੈ, ਕਿਉਂਕਿ ਉਨ੍ਹਾਂ ਨੂੰ ਘਰੋਂ ਸਿੱਧਾ ਲਿਆਂਦਾ ਜਾਂਦਾ ਹੈ ਅਤੇ ਯਾਤਰਾ ਪੂਰੀ ਹੋਣ ਉਪਰੰਤ ਸੁਰੱਖਿਅਤ ਤਰੀਕੇ ਨਾਲ ਵਾਪਸ ਘਰ ਛੱਡਿਆ ਜਾਂਦਾ ਹੈ। ਇਸ ਦੌਰਾਨ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਉਨ੍ਹਾਂ ਕਿਹਾ ਕਿ ਅਕਸਰ ਬਜ਼ੁਰਗ ਆਪਣੀ ਆਰਥਿਕ ਹਾਲਤ ਜਾਂ ਸਿਹਤ ਕਾਰਨ ਤੀਰਥ ਯਾਤਰਾ ਕਰਨ ਤੋਂ ਵਾਂਝੇ ਰਹਿ ਜਾਂਦੇ ਸਨ, ਪਰ ਇਸ ਯੋਜਨਾ ਨਾਲ ਉਨ੍ਹਾਂ ਦਾ ਇਹ ਸੁਪਨਾ ਸਾਕਾਰ ਹੋ ਰਿਹਾ ਹੈ। ਸਰਕਾਰ ਦਾ ਮਕਸਦ ਹੈ ਕਿ ਹਰ ਧਰਮ ਅਤੇ ਵਰਗ ਦੇ ਲੋਕਾਂ ਨੂੰ ਤੀਰਥ ਅਸਥਾਨਾਂ ਦੇ ਦਰਸ਼ਨਾਂ ਦਾ ਮੌਕਾ ਮਿਲੇ। ਇਸ ਨਾਲ ਲੋਕਾਂ ਦੀ ਆਸਥਾ ਮਜਬੂਤ ਹੋ ਰਹੀ ਹੈ ਅਤੇ ਸਮਾਜ ਵਿੱਚ ਸਕਾਰਾਤਮਕ ਮਾਹੌਲ ਬਣ ਰਿਹਾ ਹੈ।

# ਖ਼ੁਰਾਕ ਅਤੇ ਸਪਲਾਈ ਵਿਭਾਗ ਨੇ ਬੈਡਮਿੰਟਨ ਟੂਰਨਾਮੈਂਟ ਕਰਵਾਇਆ

ਜ਼ਿਕਰ ਪੰਜਾਬ

**ਲੁਧਿਆਣਾ/ਅਸ਼ਵਨੀ ਅਹੂਜਾ**

ਖ਼ੁਰਾਕ ਅਤੇ ਸਪਲਾਈ ਵਿਭਾਗ ਲੁਧਿਆਣਾ ਦੇ ਸਮੂਹ ਸਟਾਫ ਵੱਲੋਂ ਜਿਲ੍ਹੇ ਦੇ ਮੁਲਾਜਮਾਂ ਦੀ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਨੂੰ ਧਿਆਨ ਵਿੱਚ ਰੱਖਦਿਆਂ ਅਤੇ ਖੇਡਾਂ ਨੂੰ ਪ੍ਰੋਤਸਾਹਿਤ ਕਰਨ ਹਿੱਤ ਪਹਿਲਾ ਸਪੋਰਟਸ-ਡੇਅ/ਟੂਰਨਾਮੈਂਟ ਕਰਵਾਇਆ ਗਿਆ। ਇਸ ਟੂਰਨਾਮੈਂਟ ਦਾ ਉਦਘਾਟਨ ਡੀ.ਐਫ.ਐਸ.ਸੀ. ਲੁਧਿਆਣਾ ਸਰਤਾਜ ਸਿੰਘ ਚੀਮਾ ਵੱਲੋਂ ਕੀਤਾ ਗਿਆ। ਟੂਰਨਾਮੈਂਟ ਵਿੱਚ ਪ੍ਰਮੁੱਖ ਤੌਰ ‘ਤੇ ਬੈਡਮਿੰਟਨ ‘ਚ ਸਿੰਗਲ/ਡਬਲ ਦੇ ਵੱਖ-ਵੱਖ ਵਰਗਾਂ ਦੇ ਮੁਕਾਬਲੇ ਕਰਵਾਏ ਗਏ। ਅੰਤ ਵਿੱਚ ਜਿਲ੍ਹਾ



ਕੰਟਰੋਲਰ ਲੁਧਿਆਣਾ ਵੱਲੋਂ ਜੇਤੂਆਂ ਨੂੰ ਇਨਾਮ ਵੀ ਵੰਡੇ ਗਏ। ਇਸ ਮੌਕੇ ਉਹਨਾਂ ਵੱਲੋਂ ਸਮੂਹ ਸਟਾਫ ਖ਼ੁਰਾਕ ਅਤੇ ਸਪਲਾਈ ਵਿਭਾਗ ਲੁਧਿਆਣਾ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਇਹ ਵੀ ਐਲਾਨ ਕੀਤਾ ਕਿ ਅਜਿਹੇ ਟੂਰਨਾਮੈਂਟ ਹਰ ਸਾਲ ਨਿਯਮਿਤ ਤੌਰ ਤੇ ਕਰਵਾਏ ਜਾਣਗੇ। ਅੰਤ ਵਿੱਚ ਜਿਲ੍ਹੇ ਦੇ ਸਮੂਹ ਨਿਰੀਖਕਾ ਵਲੋਂ ਜੇਤੂਆ ਨੂੰ ਨਗਦ ਇਨਾਮ ਅਤੇ ਮੋਮੈਨਟੋ ਵੀ ਦਿੱਤੇ ਗਏ। ਇਸ ਮੌਕੇ ਡੀ. ਐਫ. ਐਸ. ਸੀ. ਸਰਤਾਜ ਸਿੰਘ ਚੀਮਾ ਤੋਂ ਇਲਾਵਾ ਲਖਵੀਰ ਸਿੰਘ ਖ਼ੁਰਾਕ ਸਪਲਾਈ ਅਫਸਰ ਲੁਧਿਆਣਾ, ਕਨੱਇਆ ਕੁਮਾਰ, ਸਹਾਇਕ ਖ਼ੁਰਾਕ ਸਪਲਾਈ ਅਫਸਰ, ਪਾਇਲ, ਚੈਰੀ ਭਾਟੀਆ ਸਹਾਇਕ ਖ਼ੁਰਾਕ ਸਪਲਾਈ ਅਫਸਰ ਲੁਧਿਆਣਾ ਵੈਸਟ, ਹਰਭਜਨ ਸਿੰਘ, ਸਹਾਇਕ ਖ਼ੁਰਾਕ ਸਪਲਾਈ ਅਫਸਰ ਖੰਨਾ ਅਤੇ ਵਿਭਾਗ ਦਾ ਹੋਰ ਸਟਾਫ ਵੀ ਮੌਜੂਦ ਸੀ।

# ਬਜ਼ੁਰਗਾਂ ਦੀ ਸਿਹਤ ਸੇਵਾਵਾਂ ਤੇ ਜਾਗਰੂਕਤਾ ਕੈਂਪਾਂ ਦਾ ਪਿੰਡ ਬੀਹਲਾ ’ਚ ਆਯੋਜਨ 18 ਨੂੰ

## ਜ਼ਿਲ੍ਹਾ ਸਮਾਜਿਕ ਸੁਰੱਖਿਆ ਅ਼ਫਸਰ ਟਿਵਾਣਾ ਵੱਲੋਂ ਲਾਭਪਾਤਰੀਆਂ ਨੂੰ ਕੈਂਪ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**

ਜ਼ਿਲ੍ਹਾ ਸਮਾਜਿਕ ਸੁਰੱਖਿਆ ਅ਼ਫਸਰ ਲੁਧਿਆਣਾ ਵਰਿੰਦਰ ਸਿੰਘ ਟਿਵਾਣਾ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ‘ਸਾਡੇ ਬਜ਼ੁਰਗ, ਸਾਡਾ ਮਾਣਾ ਮੁਹਿੰਮ-2026’ ਤਹਿਤ ਨਿਸ਼ਕਾਮ ਬਿਰਧ ਆਸ਼ਰਮ, ਪਿੰਡ ਬੀਹਲਾ ਵਿਖੇ 18 ਫਰਵਰੀ ਨੂੰ ਸਿਹਤ ਸੇਵਾਵਾਂ ਤੇ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਯੋਗ ਲਾਭਪਾਤਰੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਕੈਂਪ ਵਿੱਚ ਸ਼ਮੂਲੀਅਤ ਕਰਦਿਆਂ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਲਿਆ ਜਾਵੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਦੌਰਾਨ ਖਾਸ ਕਰਕੇ ਬਜੁਰਗਾਂ ਦੀ ਸਿਹਤ ਜਾਂਚ, ਮਾਨਸਿਕ ਕਾਊਂਸਲਿੰਗ, ਕਾਨੂੰਨੀ ਅਧਿਕਾਰ/ਸੀਨੀਅਰ ਸਿਟੀਜਨ ਐਕਟ ਦੀ ਜਾਣਕਾਰੀ, ਬੁਢਾਪਾ ਪੈਨਸ਼ਨ ਫਾਰਮ ਅਤੇ ਸੀਨੀਅਰ ਸਿਟੀਜਨ ਕਾਰਡ ਮੌਕੇ ’ਤੇ ਹੀ ਆਨਲਾਈਨ ਭਰੇ ਜਾਣੇ, ਬੈਂਕ ਧੋਖਾਧੜੀ ਤੋਂ ਬਚਣ ਸਬੰਧੀ ਜਾਣਕਾਰੀ, ਯੋਗਾ ਤੇ ਮੈਡੀਟੇਸ਼ਨ ਦੇ ਲਾਭ ਬਾਰੇ ਜਾਣਕਾਰੀ, ਸੈਲਫ ਹੈਲਪ ਗਰੁੱਪਾਂ ਵੱਲੋਂ ਬਜ਼ੁਰਗਾ ਨੂੰ ਉਨ ਬੁਣਾਈ, ਕਰੋਸ਼ੀਆ ਆਦਿ ਸਿਖਾਇਆ ਜਾਣਾ, ਪੁਰਾਤਨ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨਾ, ਬੱਚਿਆਂ ਅਤੇ ਬਜ਼ੁਰਗਾਂ ਦਾ ਆਪਸੀ ਤਾਲਮੇਲ ਵਧਾਉਣਾ ਆਦਿ ਸ਼ਾਮਲ ਹਨ। ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ, ਲੁਧਿਆਣਾ ਵਰਿੰਦਰ ਸਿੰਘ ਟਿਵਾਣਾ ਵੱਲੋਂ ਕੈਂਪਾਂ ਦਾ ਵੇਰਵਾ ਸਾਂਝਾ ਕਰਦਿਆਂ ਦੱਸਿਆ ਕਿ ਫਰਵਰੀ ਮਹੀਨੇ ਵਿੱਚ ਕੁੱਲ ਚਾਰ ਕੈਂਪ ਲਗਾਏ ਜਾਣੇ ਹਨ ਜਿਸ ਵਿੱਚ ਪਹਿਲਾ ਕੈਂਪ 04 ਫਰਵਰੀ ਨੂੰ ਸਵਾਮੀ ਵਿਵੇਕਾਨੰਦ ਚੈਰੀਟੇਬਲ ਹਸਪਤਾਲ, ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ ਵਿਖੇ ਲੱਗਾ ਜਦਕਿ ਦੂਸਰਾ ਕੈਂਪ 11 ਫਰਵਰੀ ਨੂੰ ਗੁਰੂ ਅਮਰਦਾਸ ਬਿਰਧ ਆਸ਼ਰਮ, ਪਿੰਡ ਸਰਾਭਾ, ਤੀਸਰਾ ਕੈਂਪ 18 ਫਰਵਰੀ ਨੂੰ ਨਿਸ਼ਕਾਮ ਸੇਵਾ ਬਿਰਧ ਆਸ਼ਰਮ, ਪਿੰਡ ਬੀਹਲਾ ਵਿਖੇ ਲੱਗੇਗਾ ਅਤੇ ਚੌਥਾ ਕੈਂਪ 25 ਫਰਵਰੀ ਗੁਰੂ ਨਾਨਕ ਚੈਰੀਟੇਬਲ ਟਰੱਸਟ, ਗੁਰਮਤਿ ਭਵਨ, ਮੁੱਲਾਂਪੁਰ ਵਿਖੇ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਬਜੁਰਗ ਸਾਡੇ ਸਮਾਜ ਦਾ ਸਰਮਾਇਆ ਹਨ, ਇਹਨਾਂ ਨੂੰ ਸੰਭਾਲਣਾ ਸਾਡਾ ਫਰਜ ਵੀ ਹੈ ਅਤੇ ਸਾਡੀ ਨੈਤਿਕ ਜ਼ਿੰਮੇਵਾਰੀ ਵੀ ਹੈ ਕਿਉਂਕਿ ਸਾਡੇ ਬਜ਼ੁਰਗਾਂ ਅਤੇ ਮਾਤਾ-ਪਿਤਾ ਦਾ ਸਮਾਜ ਦੀ ਤਰੱਕੀ ਵਿੱਚ ਬਹੁਤ ਵੱਡਾ ਯੋਗਦਾਨ ਹੈ। ਜ਼ਿਲ੍ਹਾ ਸਮਾਜਿਕ ਸੁਰੱਖਿਆ ਅ਼ਫਸਰ, ਲੁਧਿਆਣਾ ਵਰਿੰਦਰ ਸਿੰਘ ਟਿਵਾਣਾ ਵੱਲੋਂ ਜ਼ਿਲ੍ਹੇ ਦੇ ਸਮੂਹ ਸੀਨੀਅਰ ਸਿਟੀਜਨ, ਸੀਨੀਅਰ ਸਿਟੀਜਨ ਐਸੋਸੀਏਸ਼ਨ, ਕਲੱਬਾਂ ਅਤੇ ਸਮਾਜਸੇਵੀ ਸੰਸਥਾਵਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਨ੍ਹਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਲਿਆ ਜਾਵੇ। ਉਨ੍ਹਾਂ ਕਿਹਾ ਆਉਣ ਵਾਲੇ ਸਮੇਂ ਵਿੱਚ ਅਜਿਹੇ ਹੋਰ ਕੈਂਪ ਵੀ ਲਗਾਏ ਜਾਣੇ ਹਨ ਤਾਂ ਜੋ ਸਾਡੇ ਬਜ਼ੁਰਗ ਬੁਨਿਆਦੀ ਸਹੂਲਤਾਂ ਤੋ ਵਾਂਝੇ ਨਾ ਰਹਿ ਸਕਣ।

# 30,000 ਰੁਪਏ ਰਿਸ਼ਵਤ ਲੈਂਦੇ ਰੰਗੇ ਹੱਥੀਂ ਕਾਬੂ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਜ਼ਿਲ੍ਹਾ ਉਦਯੋਗ ਕੇਂਦਰ ਦਫਤਰ, ਲੁਧਿਆਣਾ ਵਿਖੇ ਤਾਇਨਾਤ ਸੀਨੀਅਰ ਇੰਡਸਟਰੀਅਲ ਪ੍ਰਮੋਸ਼ਨਲ ਅ਼ਫਸਰ ਜਸਪਾਲ ਸਿੰਘ ਅਤੇ ਰਿਸ਼ਵ ਗਰਗ ਅਤੇ ਜ਼ਿਲ੍ਹਾ ਉਦਯੋਗ ਕੇਂਦਰ ਦਫਤਰ, ਲੁਧਿਆਣਾ ਵਿਖੇ ਤਾਇਨਾਤ ਟਰੇਡ ਅਸਿਸਟੈਂਟ ਅੰਤਰਪ੍ਰੀਤ ਸਿੰਘ ਨੂੰ 30,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਹੈ। ਅੱਜ ਇੱਥੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜਮਾਂ ਨੂੰ ਫੋਕਲ ਪੁਆਇੰਟ, ਲੁਧਿਆਣਾ ਦੇ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ‘ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਿਕਾਇਤਕਰਤਾ ਫੋਕਲ ਪੁਆਇੰਟ, ਲੁਧਿਆਣਾ ਵਿਖੇ ਇੱਕ ਪ੍ਰੋਡਕਸ਼ਨ ਯੂਨਿਟ ਚਲਾਉਂਦਾ ਹੈ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੇ ਯੂਨਿਟ ਦੇ ਸਬੰਧ ਵਿੱਚ ਉਤਪਾਦਨ ਸਰਟੀਫਿਕੇਟ ਦੀ ਸਹੀ ਮਿਤੀ ਲਈ ਅਰਜੀ ਦਿੱਤੀ ਅਤੇ ਇਹ ਸਰਟੀਫਿਕੇਟ ਜਾਰੀ ਕਰਨ ਬਦਲੇ ਉਕਤ ਮੁਲਜਮਾਂ ਨੇ ਸ਼ਿਕਾਇਤਕਰਤਾ ਤੋਂ 45000 ਰੁਪਏ ਦੀ ਰਿਸਵਤ ਮੰਗੀ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਉਕਤ ਮੁਲਜ਼ਮਾਂ ਵੱਲੋਂ ਰਿਸਵਤ ਮੰਗਣ ਸਬੰਧੀ ਹੋਈ ਸਾਰੀ ਗੱਲਬਾਤ



ਰਿਕਾਰਡ ਕਰ ਲਈ। ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਇੱਕ ਜਾਲ ਵਿਛਾਇਆ ਜਿਸ ਦੌਰਾਨ ਤਿੰਨੋਂ ਮੁਲਜਮਾਂ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿੱਚ ਸ਼ਿਕਾਇਤਕਰਤਾ ਤੋਂ 30,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ ਗਿਆ। ਇਸ ਸਬੰਧ ਵਿੱਚ ਉਕਤ ਮੁਲਜਮਾਂ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਲੁਧਿਆਣਾ ਵਿਖੇ ਭ੍ਰਿਸਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਹਰਿਆਣਾ ਨੂੰ ਵਿੱਤੀ ਸਾਲ 2025-26 ਲਈ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ ਤਹਿਤ ਮਿਲੀ 27 ਕਰੋੜ ਦੀ ਪ੍ਰਵਾਨਗੀ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਭਾਰਤ ਸਰਕਾਰ ਨੇ ਵਿੱਤੀ ਸਾਲ 2025-26 ਲਈ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ ਤਹਿਤ ਹਰਿਆਣਾ ਰਾਜ ਨੂੰ 27 ਕਰੋੜ ਦੀ ਗ੍ਰਾਂਟ ਦਿੱਤੀ ਹੈ। ਇਹ ਗ੍ਰਾਂਟ ਪਿਛਲੇ ਸਾਲਾਂ ਤੋਂ ਖਰਚ ਨਾ ਕੀਤੇ ਗਏ ਵਿੱਤੀ ਪ੍ਰੋਤਸਾਹਨ ਦੇ ਕੇਂਦਰੀ ਹਿੱਸੇ ਦੀ ਮੁੜ ਵੰਡ ਨਾਲ ਸਬੰਧਤ ਹੈ। ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਤੋਂ ਬਾਅਦ, ਗ੍ਰਾਂਟ ਜਾਰੀ ਕੀਤੀ ਗਈ ਹੈ ਅਤੇ ਵਿੱਚ ਅਪਲੋਡ ਕੀਤੀ ਗਈ ਹੈ ਤਾਂ ਜੋ ਵਿੱਤੀ ਸਾਲ 2025-26 ਦੌਰਾਨ ਪ੍ਰਵਾਨਿਤ ਖਰਚਿਆਂ ਦੇ ਵਿਰੁੱਧ ਫੰਡ ਜਾਰੀ ਕੀਤੇ ਜਾ ਸਕਣ। ਪਹਿਲਾਂ, 2.50 ਕਰੋੜ ਦੀ ਗ੍ਰਾਂਟ ਜਾਰੀ ਕੀਤੀ ਗਈ ਸੀ, ਪਰ ਵਰਤੋਂ ਨਾ ਹੋਣ ਕਾਰਨ ਰਕਮ ਨੂੰ ਅੱਗੇ ਵਧਾਇਆ ਗਿਆ ਹੈ। ਇਸ ਤਰ੍ਹਾਂ, ਮੌਜੂਦਾ ਵਿੱਤੀ ਸਾਲ ਵਿੱਚ ਹਰਿਆਣਾ ਲਈ ਉਪਲਬਧ ਕੁੱਲ ਪ੍ਰਭਾਵੀ ਗ੍ਰਾਂਟ ਪ੍ਰਵਾਨਗੀ 29.50 ਕਰੋੜ ਤੱਕ ਪਹੁੰਚ ਗਈ ਹੈ। ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਦੂਰਦਰਸੀ ਅਗਵਾਈ ਹੇਠ, ਦੇਸ ਭਰ ਵਿੱਚ ਪੇਂਡੂ ਸੜਕਾਂ ਤੇਜੀ ਨਾਲ ਵਿਕਸਤ ਹੋ ਰਹੀਆਂ ਹਨ। “ਵਿਕਸਤ ਭਾਰਤ“ ਦਾ




ਦ੍ਰਿਸਟੀਕੋਣ ਪਿੰਡਾਂ ਦੇ ਸੰਪੂਰਨ ਵਿਕਾਸ ਤੋਂ ਬਿਨਾਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਇਸ ਉਦੇਸ ਨੂੰ ਪ੍ਰਾਪਤ ਕਰਨ ਲਈ, ਕੇਂਦਰੀ ਪੇਂਡੂ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੀ ਅਗਵਾਈ ਹੇਠ, ਕੇਂਦਰ ਸਰਕਾਰ ਪੇਂਡੂ ਬੁਨਿਆਦੀ ਢਾਂਚੇ ਨੂੰ ਲਗਾਤਾਰ ਮਜਬੂਤ ਕਰ ਰਹੀ ਹੈ। ਹੁਣ ਤੱਕ, ਹਰਿਆਣਾ ਵਿੱਚ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ ਤਹਿਤ 426 ਪ੍ਰਸਤਾਵਾਂ ਨੂੰ ਮਨਜੂਰੀ ਦਿੱਤੀ ਗਈ ਹੈ, ਜਿਸ ਰਾਹੀਂ 4,572.101 ਕਿਲੋਮੀਟਰ ਸੜਕਾਂ ਦਾ ਨਿਰਮਾਣ ਅਤੇ ਅਪਗ੍ਰੇਡੇਸਨ ਪੂਰਾ ਹੋ ਗਿਆ ਹੈ। ਇਨ੍ਹਾਂ ਪ੍ਰੋਜੈਕਟਾਂ ਦੀ ਕੁੱਲ ਲਾਗਤ 1,54,630.30 ਲੱਖ ਹੈ, ਜਿਸ ਵਿੱਚ 5,957.47 ਲੱਖ ਦੇ ਰੱਖ-ਰਖਾਅ ਖਰਚੇ ਸਾਮਲ ਹਨ। ਹੁਣ ਤੱਕ 1,39,442.93 ਲੱਖ ਦੀ ਰਕਮ ਵੰਡੀ ਜਾ ਚੁੱਕੀ ਹੈ। ਯੋਜਨਾ ਦੇ ਪ੍ਰਭਾਵਸਾਲੀ ਲਾਗੂਕਰਨ ਨੇ ਪੇਂਡੂ ਖੇਤਰਾਂ ਵਿੱਚ ਬਾਜਾਰਾਂ, ਸਿੱਖਿਆ, ਸਿਹਤ ਅਤੇ ਹੋਰ ਜਰੂਰੀ ਸੇਵਾਵਾਂ ਤੱਕ ਪਹੁੰਚ ਨੂੰ ਮਜਬੂਤ ਕੀਤਾ ਹੈ, ਜਿਸ ਨਾਲ ਰਾਜ ਵਿੱਚ ਸਮਾਵੇਸੀ ਅਤੇ ਟਿਕਾਊ ਪੇਂਡੂ ਵਿਕਾਸ ਨੂੰ ਇੱਕ ਨਵਾਂ ਹੁਲਾਰਾ ਮਿਲਿਆ ਹੈ। ਵਿਸਤ੍ਰਿਤ ਜਾਣਕਾਰੀ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੀ ਅਧਿਕਾਰਤ ਵੈੱਬਸਾਈਟ (https://pmgsy.dord.gov.in/#) ’ਤੇ ਮਿਲ ਸਕਦੀ ਹੈ।

# ਸੜਕ ਹਾਦਸਿਆਂ ਵਿੱਚ ਜਖਮੀਆਂ ਦੀ ਮਦਦ ਕਰਨ ਤੋਂ ਲੋਕ ਝਿਜਕਣ ਨਾ : ਸਰਬਜੀਤ ਸੋਨੂੰ

ਜ਼ਿਕਰ ਪੰਜਾਬ

**ਜੰਡਿਆਲਾ ਗੁਰੂ (ਅੰਮ੍ਰਿਤਸਰ)/ ਸਤਿੰਦਰ ਸਿੰਘ ਅਠਵਾਲ**

ਅੰਮ੍ਰਿਤਸਰ-ਜੰਡਿਆਲਾ ਹਾਈਵੇ ’ਤੇ ਪਿੰਗਲਵਾੜਾ ਨੇੜੇ ਕੱਲ੍ਹ ਰਾਤ ਕਰੀਬ ਸਾਢੇ ਅੱਠ ਵਜੇ ਇੱਕ ਮੋਟਰਸਾਈਕਲ ਸਵਾਰ ਦੇ ਨਾਲ ਭਿਆਨਕ ਹਾਦਸਾ ਹੋਇਆ, ਜਿਸ ਵਿੱਚ ਮੋਟਰਸਾਈਕਲ ਸਵਾਰ ਕਾਫੀ ਗੰਭੀਰ ਜਖ਼ਮੀ ਹੋ ਗਿਆ। ਮੌਕੇ ’ਤੇ ਮੌਜੂਦ ਸਮਾਜ ਸੇਵੀ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਬਿਨਾਂ ਸਮਾਂ ਗੁਆਏ ਜਖ਼ਮੀ ਨੂੰ ਆਪਣੀ ਗੱਡੀ ਵਿੱਚ ਲੱਦ ਕੇ ਤੁਰੰਤ ਮਾਨਾਂਵਾਲਾ ਸਰਕਾਰੀ ਹਸਪਤਾਲ ਪਹੁੰਚਾਇਆ, ਜਿਸ ਨਾਲ ਉਸ ਦੀ ਜਾਨ ਬਚ ਸਕੀ। ਜਖਮੀ ਵਿਅਕਤੀ ਦੀ ਪਹਿਚਾਣ ਪ੍ਰਵੀਨ ਵਜੋਂ ਹੋਈ ਹੈ, ਜੋ ਤਰਨ ਤਾਰਨ ਜ਼ਿਲ੍ਹੇ ਦੇ ਜੰਡਿਆਲਾ ਰੋਡ ਇਲਾਕੇ ਦਾ ਵਸਨੀਕ ਦੱਸਿਆ ਜਾਂਦਾ ਹੈ। ਹਾਦਸੇ ਦੀ ਸੂਚਨਾ ਮਿਲਦਿਆਂ ਹੀ ਪਰਿਵਾਰਕ ਮੈਂਬਰ ਹਸਪਤਾਲ ਪਹੁੰਚੇ ਅਤੇ ਉਨ੍ਹਾਂ ਨੇ ਸਮਾਜ ਸੇਵੀ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਅਤੇ ਅਕਾਲ ਸੇਵਾ ਫਾਊਂਡੇਸਨ ਦਾ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸਰਬਜੀਤ ਸਿੰਘ ਸੋਨੂੰ ਨੇ ਦੱਸਿਆ ਕਿ ਉਹ ਹੁਣ ਤੱਕ 100 ਤੋਂ ਵੱਧ ਸੜਕ ਹਾਦਸਿਆਂ



ਵਿੱਚ ਜਖਮੀ ਹੋਏ ਲੋਕਾਂ ਨੂੰ ਸਮੇਂ ਸਿਰ ਹਸਪਤਾਲ ਪਹੁੰਚਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਅਕਸਰ ਲੋਕ ਕਾਨੂੰਨੀ ਡਰ ਕਰਕੇ ਹਾਦਸਿਆਂ ’ਚ ਜਖਮੀਆਂ ਦੀ ਮਦਦ ਕਰਨ ਤੋਂ ਝਿਜਕਦੇ ਹਨ, ਪਰ ਸਰਕਾਰ ਦੀਆਂ ਨੀਤੀਆਂ ਮੁਤਾਬਕ ਜਖਮੀ ਨੂੰ ਹਸਪਤਾਲ ਪਹੁੰਚਾਉਣ ਵਾਲੇ ਵਿਅਕਤੀ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ, ਸਗੋਂ ਅਜਿਹੀ ਸੇਵਾ ਕਰਨ ਵਾਲਿਆਂ ਨੂੰ 26 ਜਨਵਰੀ ਅਤੇ 15 ਅਗਸਤ ਨੂੰ ਸਨਮਾਨਿਤ ਵੀ ਕੀਤਾ ਜਾਂਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਸੜਕ ’ਤੇ ਕੋਈ ਹਾਦਸਾ ਵਾਪਰੇ ਤਾਂ ਤੁਰੰਤ 112 ਨੰਬਰ ’ਤੇ ਕਾਲ ਕਰਕੇ ਪੁਲਿਸ ਦੀ ਮਦਦ ਲਈ ਜਾਵੇ ਅਤੇ 108 ਨੰਬਰ ’ਤੇ ਕਾਲ ਕਰਕੇ ਐਂਬੂਲੈਂਸ ਬੁਲਾਈ ਜਾਵੇ, ਤਾਂ ਜੋ ਕੀਮਤੀ ਜਾਨਾਂ ਬਚਾਈਆਂ ਜਾ ਸਕਣ। ਸਰਬਜੀਤ ਸਿੰਘ ਸੋਨੂੰ ਨੇ ਇਹ ਵੀ ਦੱਸਿਆ ਕਿ ਵੱਧ ਰਹੀਆਂ ਸੜਕ ਦੁਰਘਟਨਾਵਾਂ ਨੂੰ ਘਟਾਉਣ ਲਈ ਉਹ ਪੰਜਾਬ ਦੇ ਸਾਰੇ ਮੈਂਬਰ ਪਾਰਲੀਮੈਂਟਾਂ ਨੂੰ ਮਿਲ ਕੇ ਮੰਗ ਕਰ ਰਹੇ ਹਨ ਕਿ ਇਹ ਮਸਲਾ ਸੰਸਦ ਵਿੱਚ ਉਠਾਇਆ ਜਾਵੇ ਅਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਸਰਕਾਰ ਵੱਲੋਂ ਵਿਸੇਸ ਕਮੇਟੀਆਂ ਬਣਾਈਆਂ ਜਾਣ। ਮੌਕੇ ’ਤੇ ਅਕਾਲ ਸੇਵਾ ਫਾਊਂਡੇਸਨ ਦੇ ਪ੍ਰਧਾਨ ਹਰਪਾਲ ਸਿੰਘ ਰੰਧਾਵਾ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਫਾਊਂਡੇਸਨ ਪਿਛਲੇ ਲੰਮੇ ਸਮੇਂ ਤੋਂ ਇਹ ਸੇਵਾ ਨਿਰੰਤਰ ਕਰ ਰਹੀ ਹੈ। ਉਹ ਕਿਹਾ ਕਿ ਮਨੁੱਖੀ ਜਾਨ ਬਚਾਉਣਾ ਹੀ ਸਭ ਤੋਂ ਵੱਡੀ ਤੇ ਸੱਚੀ ਸੇਵਾ ਹੈ।

# ਘੁੰਗਰਾਲੀ ਰਾਜਪੂਤਾਂ ਪ੍ਰਾਇਮਰੀ ਸਕੂਲ ਨੇ ਪੇਸ਼ ਕੀਤੀ ਮਿਸਾਲ, ਸਲਾਨਾ ਸਮਾਗਮ ’ਚ ਸ਼ਾਮਲ ਹੋਣ ਲਈ ਪੁੱਜਿਆ ਐਨ.ਆਰ.ਆਈ ਪਰਿਵਾਰ

## ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਦੂਰਦਰਸ਼ੀ ਸੋਚ, ਮਜ਼ਬੂਤ ਨੀਤੀਆਂ ਨੇ ਬਦਲੀ ਨੁਹਾਰ : ਐਨ.ਆਰ.ਆਈ ਸਹੋਤਾ

ਜ਼ਿਕਰ ਪੰਜਾਬ

**ਖੰਨਾ/ਦਿਵਿਆਂਸ਼ੂ ਸ਼ਰਮਾ**

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਸਿੱਖਿਆ ਕ੍ਰਾਂਤੀ ਅੱਜ ਦੇਸ਼ ਭਰ ਵਿੱਚ ਇਕ ਮਿਸਾਲ ਬਣ ਚੁੱਕੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਦੂਰਦਰਸ਼ੀ ਸੋਚ, ਮਜ਼ਬੂਤ ਨੀਤੀਆਂ ਅਤੇ ਲਗਾਤਾਰ ਕੀਤੇ ਜਾ ਰਹੇ ਉਪਰਾਲਿਆਂ ਸਦਕਾ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਨੁਹਾਰ ਪੂਰੀ ਤਰ੍ਹਾਂ ਬਦਲ ਗਈ ਹੈ। ਹੁਣ ਹਾਲਾਤ ਇਹ ਹਨ ਕਿ ਸਿਰਫ ਪੰਜਾਬ ਵਾਸੀ ਹੀ ਨਹੀਂ, ਸਗੋਂ ਵਿਦੇਸ਼ਾਂ ਵਿੱਚ ਵੱਸਦੇ ਐਨ.ਆਰ.ਆਈ ਵੀ ਖੁੱਲ੍ਹ ਕੇ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਤਾਰੀਫ ਕਰ ਰਹੇ ਹਨ ਅਤੇ ਆਪਣੇ ਪਿੰਡਾਂ ਦੇ ਸਕੂਲਾਂ ਦੀ ਮਦਦ ਲਈ ਅੱਗੇ ਆ ਰਹੇ ਹਨ। ਪੰਜਾਬ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਦੇ ਤਹਿਤ ਸਕੂਲਾਂ ਵਿੱਚ ਆਧੁਨਿਕ ਕਲਾਸ ਰੂਮ, ਸਮਾਰਟ ਬੋਰਡ, ਸੁਚੱਜੀਆਂ ਲੈਬਾਂ, ਸਾਫ਼ ਸੁਥਰੇ ਟਾਇਲਟ, ਪੀਣ ਵਾਲੇ ਸਾਫ਼ ਪਾਣੀ ਦੀ ਸਹੂਲਤ, ਖੇਡ ਮੈਦਾਨ ਅਤੇ ਬੱਚਿਆਂ ਦੀ ਕੁੱਲ ਵਿਕਾਸ ਲਈ ਵੱਖ-ਵੱਖ ਗਤੀਵਿਧੀਆਂ ਸ਼ੁਰੂ ਕੀਤੀਆਂ ਗਈਆਂ ਹਨ। ਇਸ ਕਾਰਨ ਅੱਜ ਸਰਕਾਰੀ ਸਕੂਲ ਕਿਸੇ ਵੀ ਪ੍ਰਾਈਵੇਟ ਸਕੂਲ ਤੋਂ ਘੱਟ ਨਹੀਂ ਰਹੇ। ਇਸ ਸਿੱਖਿਆ ਕ੍ਰਾਂਤੀ ਦੀ ਹੀ ਮਿਸਾਲ ਹੈ ਖੰਨਾ ਦੇ ਨੇੜਲੇ ਪਿੰਡ ਘੁੰਗਰਾਲੀ ਰਾਜਪੂਤਾਂ ਦਾ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ। ਇਹ ਸਕੂਲ ਅੱਜ ਪੰਜਾਬ ਦੇ ਉੱਤਮ ਸਕੂਲਾਂ ਦੀ ਸ਼੍ਰੇਣੀ ਵਿੱਚ ਆਪਣੀ ਵੱਖਰੀ ਪਛਾਣ ਬਣਾ ਚੁੱਕਾ ਹੈ। ਸਕੂਲ ਦਾ ਸਲਾਨਾ ਸਮਾਗਮ ਹਰ ਸਾਲ ਪ੍ਰਾਈਵੇਟ ਸਕੂਲਾਂ ਦੇ ਸਮਾਗਮਾਂ ਨੂੰ ਵੀ ਮਾਤ ਦਿੰਦਾ ਹੈ। ਇਸ ਵਾਰ ਵੀ ਸਕੂਲ ਸਟਾਫ ਅਤੇ ਐਨ.ਆਰ.ਆਈਜ਼ ਦੇ ਸਹਿਯੋਗ ਨਾਲ



“ਨੰਨ੍ਹੇ ਉਸਤਾਦ ਐਥਲੈਟਿਕਸ ਮੀਟ”ਦਾ ਸ਼ਾਨਦਾਰ ਆਯੋਜਨ ਕੀਤਾ ਗਿਆ, ਜਿਸ ਦਾ ਪੈਟਰਨ ਇੰਨਾ ਉੱਚ ਪੱਧਰੀ ਸੀ ਕਿ ਹਰ ਕੋਈ ਦੰਗ ਰਹਿ ਗਿਆ। ਸਮਾਗਮ ਦੌਰਾਨ ਬੱਚਿਆਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੱਢਿਆ ਗਿਆ, ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਅਤੇ ਖੇਡ ਮੁਕਾਬਲਿਆਂ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ ਗਿਆ। ਬੱਚਿਆਂ ਦੀ ਕਲਾ, ਅਨੁਸ਼ਾਸਨ ਅਤੇ





ਆਤਮ ਵਿਸ਼ਵਾਸ ਦੀ ਹਰ ਪਾਸੇ ਖੂਬ ਤਾਰੀਫ ਹੋਈ। ਸਮਾਗਮ ਵਿੱਚ ਸ਼ਾਮਿਲ ਐਨ.ਆਰ.ਆਈਜ਼ ਨੇ ਵੀ ਖੁੱਲ੍ਹ ਕੇ ਸਰਕਾਰੀ ਸਕੂਲਾਂ ਦੀ ਬਦਲੀ ਨੁਹਾਰ ਦੀ ਪ੍ਰਸ਼ੰਸਾ ਕੀਤੀ ਅਤੇ ਹੋਰ ਐਨ.ਆਰ.ਆਈਜ਼ ਨੂੰ ਆਪਣੇ-ਆਪਣੇ ਪਿੰਡਾਂ ਦੇ ਸਕੂਲਾਂ ਦੀ ਮਦਦ ਲਈ ਪ੍ਰੇਰਿਤ ਕੀਤਾ। ਸਕੂਲ ਮੁਖੀ ਗਲੈਕਸੀ ਸੋਫਤ ਨੇ ਦੱਸਿਆ ਕਿ ਕੁਝ ਸਾਲ ਪਹਿਲਾਂ ਸਕੂਲ ਵਿੱਚ ਬੱਚਿਆਂ ਦੀ ਗਿਣਤੀ ਕੇਵਲ 86 ਦੇ ਕਰੀਬ ਸੀ, ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਦੇ ਲਗਾਤਾਰ ਉਪਰਾਲਿਆਂ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਦ੍ਰਿੜ? ਨੀਤੀ ਅਤੇ ਸਟਾਫ ਦੀ ਦਿਨ-ਰਾਤ ਦੀ ਮਿਹਨਤ ਸਦਕਾ ਅੱਜ ਇਹ ਗਿਣਤੀ ਲਗਭਗ ਡੇਢ ਸੌ ਤੱਕ ਪਹੁੰਚ ਗਈ ਹੈ। ਹਰ ਸਾਲ ਦਾਖਲੇ ਵਧ ਰਹੇ ਹਨ ਅਤੇ ਕਈ ਮਾਪੇ ਪ੍ਰਾਈਵੇਟ ਸਕੂਲ ਛੱਡ ਕੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲ ਵਿੱਚ ਦਾਖਲ ਕਰਵਾ ਰਹੇ ਹਨ। ਹਰ ਮਹੀਨੇ ਮਾਪਿਆਂ ਨਾਲ ਮੀਟਿੰਗ ਕਰਕੇ ਬੱਚਿਆਂ ਦੀ ਪੜ੍ਹਾਈ ਅਤੇ ਵਿਕਾਸ ਬਾਰੇ ਗੱਲਬਾਤ ਕੀਤੀ ਜਾਂਦੀ ਹੈ, ਜਿਸ ਨਾਲ ਸਕੂਲ ਅਤੇ ਮਾਪਿਆਂ ਵਿਚਕਾਰ ਮਜ਼ਬੂਤ ਤਾਲਮੇਲ ਬਣਿਆ ਹੋਇਆ ਹੈ। ਇਸ ਵਾਰ ਦੀ ਐਥਲੈਟਿਕਸ ਮੀਟ ਸਵਰਗੀ ਗੁਰਵੰਤ ਸਿੰਘ ਸਹੋਤਾ ਦੀ ਯਾਦ ਨੂੰ ਸਮਰਪਿਤ ਕੀਤੀ ਗਈ, ਕਿਉਂਕਿ ਸਹੋਤਾ ਪਰਿਵਾਰ ਹਮੇਸ਼ਾ ਸਕੂਲ ਅਤੇ ਪਿੰਡ ਦੀ ਮਦਦ ਲਈ ਅੱਗੇ ਰਹਿੰਦਾ ਹੈ। ਸਮਾਗਮ ਵਿੱਚ ਵਿਸ਼ੇਸ਼ ਤੌਰ ‘ਤੇ ਪਹੁੰਚੇ ਉਪ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਮਨੋਜ ਕੁਮਾਰ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਰਣਜੋਧ ਸਿੰਘ ਖੰਗੂੜਾ ਨੇ ਸਕੂਲ ਸਟਾਫ ਦੀ ਮਿਹਨਤ ਦੀ ਖੂਬ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਸਿੱਖਿਆ ਕ੍ਰਾਂਤੀ ਦਾ ਹੀ ਨਤੀਜਾ ਹੈ ਕਿ ਅੱਜ ਸਰਕਾਰੀ ਸਕੂਲ ਨਵੀਂ ਉਚਾਈਆਂ ਨੂੰ ਛੂਹ ਰਹੇ ਹਨ। ਇਸ ਮੌਕੇ ਸਟੇਟ ਐਵਾਰਡ ਅਧਿਆਪਕ ਵਿਕਾਸ ਕਪਿਲਾ, ਬਲਜੀਤ ਕੌਰ, ਜਸਵਿੰਦਰ ਕੌਰ, ਜਸਵੀਰ ਕੌਰ, ਸਤਨਾਮ ਸਿੰਘ, ਜਸਵਿੰਦਰ ਕੌਰ, ਸਵਰਗੀ ਗੁਰਵੰਤ ਸਿੰਘ ਸਹੋਤਾ ਦੀ ਪਤਨੀ ਅੰਮ੍ਰਿਤਪਾਲ ਕੌਰ ਸਹੋਤਾ, ਸਿਮਰਤ ਸਹੋਤਾ, ਪਲਵਿੰਦਰ ਸਿੰਘ ਸਹੋਤਾ, ਬਰਿੰਦਰਜੀਤ ਕੌਰ ਸਹੋਤਾ, ਧਨਵੀਰ ਸਹੋਤਾ, ਜਸਵੀਰ ਕੌਰ ਸਹੋਤਾ, ਗੁਰਵੀਰਇੰਦਰ ਸਿੰਘ ਧਾਲੀਵਾਲ ਸਮੇਤ ਕਈ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਡਾ. ਵੀਰੇਂਦਰ ਕੁਮਾਰ ਨੇ ਕੀਤਾ ਚੰਡੀਗੜ੍ਹ ਵਿੱਚ 29ਵੇਂ ਦਿਵਯ ਕਲਾ ਮੇਲੇ ਦਾ ਉਦਘਾਟਨ

## ਕਿਹਾ-ਇਹ ਸਿਰਫ਼ ਪ੍ਰਦਰਸ਼ਨੀ ਨਹੀਂ, ਸਗੋਂ ਗਰਿਮਾ, ਆਤਮਨਿਰਭਰਤਾ ਅਤੇ ਸਸ਼ਕਤੀਕਰਣ ਦਾ ਉਤਸਵ ਹੈ

ਜ਼ਿਕਰ ਪੰਜਾਬ

**ਚੰਡੀਗੜ੍ਹ/ਵਾਸੂ ਜੇਤਲੀ**

"ਇਹ ਸਿਰਫ਼ ਪ੍ਰਦਰਸ਼ਨੀ ਨਹੀਂ, ਸਗੋਂ ਗਰਿਮਾ, ਆਤਮਨਿਰਭਰਤਾ ਅਤੇ ਸਸ਼ਕਤੀਕਰਣ ਦਾ ਉਤਸਵ ਹੈ।"ਇਨ੍ਹਾਂ ਪ੍ਰਭਾਵਸ਼ਾਲੀ ਸ਼ਬਦਾਂ ਨਾਲ ਡਾ. ਵੀਰੇਂਦਰ ਕੁਮਾਰ, ਕੇਂਦਰੀ ਸਮਾਜਿਕ ਨਿਆਂ ਅਤੇ ਸਸ਼ਕਤੀਕਰਣ ਮੰਤਰੀ, ਨੇ ਅੱਜ ਚੰਡੀਗੜ੍ਹ ਦੇ ਐਗਜ਼ੀਬਿਸ਼ਨ ਗਰਾਊਂਡ ਵਿੱਚ 29ਵੇਂ ਦਿਵਯ ਕਲਾ ਮੇਲੇ ਦਾ ਉਦਘਾਟਨ ਕੀਤਾ। ਉਨ੍ਹਾਂ ਇਸ ਮੇਲੇ ਨੂੰ ਇੱਕ ਪਰਿਵਰਤਨਸ਼ੀਲ ਅਭਿਆਨ ਦੱਸਦੇ ਹੋਏ ਕਿਹਾ ਕਿ ਇਹ ਦੇਸ਼ ਭਰ ਦੇ ਦਿਵਯਾਂਗਜਨਾਂ ਦੇ ਜੀਵਨ ਵਿੱਚ ਆਸ਼ਾ ਦੀ ਨਵੀਂ ਕਿਰਨ ਬਣ ਕੇ ਉਭਰਿਆ ਹੈ ਅਤੇ ਸਮਾਵੇਸ਼ੀ ਵਿਕਾਸ ਅਤੇ ਸਮਾਨ ਮੌਕਿਆਂ ਪ੍ਰਤੀ ਸਰਕਾਰ ਦੀ ਅਟੱਲ ਵਚਨਬੱਧਤਾ ਨੂੰ ਦਰਸਾਉਂਦਾ ਹੈ। ਸਾਲ 2014 ਤੋਂ ਬਾਅਦ ਸਸ਼ਕਤੀਕਰਣ ਦੀ ਯਾਤਰਾ ਦਾ ਜ਼ਿਕਰ ਕਰਦੇ ਹੋਏ ਮੰਤਰੀ ਨੇ ਕਿਹਾ ਕਿ ਮਾਣਯੋਗ ਪ੍ਰਧਾਨ ਮੰਤਰੀ ਸ਼?ਰੀ ਨਰੇਂਦਰ ਮੋਦੀ ਦੇ ਅਗਵਾਈ ਵਿੱਚ ਅਪਮਾਨਜਨਕ ਸ਼ਬਦਾਵਲੀ ਤੋਂ ਹਟ ਕੇ "ਦਿਵਯਾਂਗ"ਵਰਗੇ ਸਨਮਾਨਜਨਕ ਸ਼ਬਦ ਦਾ ਪ੍ਰਯੋਗ ਸਿਰਫ਼ ਭਾਸ਼ਾ ਦਾ ਬਦਲਾਅ ਨਹੀਂ, ਸਗੋਂ ਦ੍ਰਿਸ਼ਟੀਕੋਣ ਦਾ ਬਦਲਾਅ ਸੀ। ਦਿਵਯਾਂਗਜਨ ਅਧਿਕਾਰ ਐਕਟ, 2016 ਦਾ ਲਾਗੂ ਹੋਣਾ, ਦਿਵਯਾਂਗਤਾ ਦੀਆਂ ਸ਼੍ਰੇਣੀਆਂ ਦਾ ਵਿਸਥਾਰ ਅਤੇ 'ਸੁਗਮ ਭਾਰਤ ਅਭਿਆਨ' ਰਾਹੀਂ ਜਨਤਕ ਸਥਾਨਾਂ ਨੂੰ ਸੁਲੱਭ ਬਣਾਉਣ ਦੇ ਯਤਨਾਂ ਨੇ ਗਰਿਮਾ, ਪਹੁੰਚ ਅਤੇ ਸਹਿਭਾਗੀਤਾ ਦੀ ਮਜ਼ਬੂਤ ਨੀਂਹ ਰੱਖੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸੱਚਾ ਸਨਮਾਨ ਸਿਰਫ਼ ਸ਼ਬਦਾਂ ਨਾਲ ਨਹੀਂ, ਸਗੋਂ ਆਰਥਿਕ ਸਸ਼ਕਤੀਕਰਣ, ਸਮਾਜਿਕ ਸਮਾਵੇਸ਼ ਅਤੇ ਆਤਮਨਿਰਭਰਤਾ ਨਾਲ ਯਕੀਨੀ ਬਣਾਇਆ ਜਾਂਦਾ ਹੈ। ਦਿਵਯ ਕਲਾ ਮੇਲਾ ਇਸੇ ਸੋਚ ਦਾ ਸਾਕਾਰ ਰੂਪ ਹੈ, ਜੋ ਦਿਵਯਾਂਗ ਕਾਰੀਗਰਾਂ ਅਤੇ ਉੱਦਮੀਆਂ ਦੀ ਪ੍ਰਤਿਭਾ ਨੂੰ ਸਿੱਧੇ ਬਾਜ਼ਾਰ ਨਾਲ ਜੋੜਦਾ ਹੈ। ਸ਼੍ਰੀ ਸਤਨਾਮ ਸਿੰਘ ਸੰਧੂ, ਮਾਣਯੋਗ ਰਾਜ ਸਭਾ ਮੈਂਬਰ, ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਭਾਰਤੀ ਸੱਭਿਆਚਾਰ ਦੇ ਅਨੁਰੂਪ ਦਿਵਯਾਂਗਜਨਾਂ ਨੂੰ ਸਨਮਾਨ ਦੇਣਾ



ਇੱਕ ਇਤਿਹਾਸਕ ਕਦਮ ਹੈ। ਹਾਲਾਂਕਿ ਉਨ੍ਹਾਂ ਇਹ ਵੀ ਉਜਾਗਰ ਕੀਤਾ ਕਿ ਸਨਮਾਨ ਨਾਲ ਸਸ਼ਕਤੀਕਰਣ ਜ਼ਰੂਰੀ ਹੈ। ਉਨ੍ਹਾਂ ਕਿਹਾ "ਰੁਜ਼ਗਾਰ ਅਤੇ ਆਤਮਨਿਰਭਰਤਾ ਤੋਂ ਬਿਨਾਂ ਗਰਿਮਾ ਅਧੂਰੀ ਹੈ"ਅਤੇ ਦਿਵਯ ਕਲਾ ਮੇਲਾ ਵਰਗੇ ਮੰਚਾਂ ਦੀ ਸਰਾਹਨਾ ਕੀਤੀ, ਜੋ ਖਾਸ ਕਰਕੇ ਦੂਰ-ਦੁਰਾਡੇ ਦੇ ਦਿਵਯਾਂਗ ਨੌਜਵਾਨਾਂ ਨੂੰ ਆਪਣੇ ਉਤਪਾਦ ਪ੍ਰਦਰਸ਼ਿਤ ਅਤੇ ਮਾਰਕੀਟਿੰਗ ਕਰਨ ਦਾ ਅਵਸਰ ਪ੍ਰਦਾਨ ਕਰਦੇ ਹਨ। ਸ਼੍ਰੀ ਸੌਰਭ ਜੋਸ਼ੀ, ਚੰਡੀਗੜ੍ਹ ਦੇ ਮੇਅਰ, ਨੇ ਇਸ ਮੌਕੇ ਨੂੰ ਪ੍ਰਤਿਭਾ, ਆਤਮ ਵਿਸ਼ਵਾਸ ਅਤੇ ਮਾਨਵੀ ਸਮਰੱਥਾ ਦਾ ਉਤਸਵ ਦੱਸਿਆ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਵਿੱਚ ਦਿਵਯ ਕਲਾ ਮੇਲਾ, ਦਿਵਯਾਂਗ ਕਲਾ ਸ਼ਕਤੀ ਅਤੇ ਰੁਜ਼ਗਾਰ ਮੇਲੇ ਦਾ ਆਯੋਜਨ ਸਮਾਵੇਸ਼ ਪ੍ਰਤੀ ਸ਼ਹਿਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ ਅਤੇ ਇਹ ਸੰਦੇਸ਼ ਦਿੰਦਾ ਹੈ ਕਿ ਦਿਵਯਾਂਗਤਾ ਕੋਈ ਸੀਮਾ ਨਹੀਂ, ਸਗੋਂ ਵਿਸ਼ੇਸ਼ ਸਮਰੱਥਾ ਦੀ ਪਛਾਣ ਹੈ। ਆਪਣੇ ਸਵਾਗਤ ਭਾਸ਼ਣ ਵਿੱਚ ਰਾਜੀਵ ਸ਼ਰਮਾ, ਸੰਯੁਕਤ ਸਕੱਤਰ, ਦਿਵਯਾਂਗਜਨ ਸਸ਼ਕਤੀਕਰਣ ਵਿਭਾਗ, ਨੇ ਇਸ ਪਹਿਲ ਦੇ ਠੋਸ ਆਰਥਿਕ ਪ੍ਰਭਾਵ ਨੂੰ ਉਜਾਗਰ



ਕੀਤਾ। ਪਿਛਲੇ ਤਿੰਨ ਸਾਲਾਂ ਵਿੱਚ ਵੱਖ-ਵੱਖ ਸ਼ਹਿਰਾਂ ਵਿੱਚ ਆਯੋਜਿਤ ਦਿਵਯ ਕਲਾ ਮੇਲਿਆਂ ਰਾਹੀਂ 2366.43 ਲੱਖ ਰੁਪਏ ਦਾ ਜ਼ਿਕਰਯੋਗ ਵਪਾਰ ਦਰਜ ਕੀਤਾ ਗਿਆ ਹੈ, ਜੋ ਉਤਪਾਦਾਂ ਦੀ ਵਧਦੀ ਬਾਜ਼ਾਰ ਸਵੀਕਾਰਤਾ ਅਤੇ ਉੱਦਮਸ਼ੀਲਤਾ ਦੀ ਸਮਰੱਥਾ ਨੂੰ ਪ੍ਰਮਾਣਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਇਹ ਮੇਲੇ ਸਿਰਫ਼ ਪ੍ਰਦਰਸ਼ਨੀ ਨਹੀਂ, ਸਗੋਂ ਆਰਥਿਕ ਸਮਾਵੇਸ਼ ਅਤੇ ਆਤਮਨਿਰਭਰਤਾ ਦੇ ਸਸ਼ਕਤ ਮਾਧਿਅਮ ਹਨ। ਚੰਡੀਗੜ੍ਹ ਵਿੱਚ ਆਯੋਜਿਤ 29ਵੇਂ ਦਿਵਯ ਕਲਾ ਮੇਲੇ ਵਿੱਚ ਸ਼੍ਰੀਮਤੀ ਅਨੁਰਾਧਾ ਐੱਸ. ਚਗਤੀ, ਸਕੱਤਰ, ਸਮਾਜਿਕ ਕਲਿਆਣ ਅਤੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ, ਚੰਡੀਗੜ੍ਹ; ਵਿਨੀਤ ਰਾਣਾ, ਮੁੱਖ ਮਹਾਪ੍ਰਬੰਧਕ, ਐੱਮ. ਕੇ. ਸਾਹੂ, ਸਹਾਇਕ ਮਹਾਪ੍ਰਬੰਧਕ ਸਮੇਤ ਹੋਰ ਪਤਵੰਤਿਆਂ ਦੀ ਗਰਿਮਾਮਈ ਮੌਜੂਦਗੀ ਰਹੀ। ਹੁਣ ਤੱਕ ਦੇਸ਼ ਦੇ 28 ਸਥਾਨਾਂ 'ਤੇ ਦਿਵਯ ਕਲਾ ਮੇਲਿਆਂ ਦਾ ਆਯੋਜਨ ਕੀਤਾ ਜਾ ਚੁੱਕਿਆ ਹੈ, ਜਿਨ੍ਹਾਂ ਵਿੱਚ ਲਗਭਗ 2,362 ਦਿਵਯਾਂਗ ਉੱਦਮੀਆਂ ਨੇ ਹਿੱਸਾ ਲਿਆ ਅਤੇ ਜਨਤਕ ਤੌਰ 'ਤੇ 23 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕੀਤੀ — ਜੋ ਸਮਾਵੇਸ਼ੀ ਉੱਦਮਸ਼ੀਲਤਾ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਉਪਲੱਬਧੀ ਹੈ। ਇਨ੍ਹਾਂ ਮੇਲਿਆਂ ਰਾਹੀਂ ਸਰਕਾਰ ਨੇ ਦਿਵਯਾਂਗ ਉੱਦਮੀਆਂ ਨੂੰ ਪ੍ਰੋਤਸਾਹਿਤ ਕਰਨ ਲਈ 20 ਕਰੋੜ ਰੁਪਏ ਤੋਂ ਵੱਧ ਦੇ ਕਰਜ਼ੇ ਵੀ ਮਨਜ਼ੂਰ ਕੀਤੇ ਹਨ।

ਨਾਲ ਹੀ ਆਯੋਜਿਤ ਰੁਜ਼ਗਾਰ ਮੇਲਿਆਂ ਵਿੱਚ ਹੁਣ ਤੱਕ 3,131 ਪ੍ਰਤੀਭਾਗੀਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 1,007 ਪ੍ਰਤੀਭਾਗੀਆਂ ਨੂੰ ਸ਼ਾਰਟਲਿਸਟ ਕੀਤਾ ਗਿਆ ਅਤੇ 313 ਤੋਂ ਵੱਧ ਨੂੰ ਰੁਜ਼ਗਾਰ ਪ੍ਰਸਤਾਵ ਪ੍ਰਾਪਤ ਹੋਏ ਹਨ। ਚੰਡੀਗੜ੍ਹ ਮੇਲੇ ਵਿੱਚ ਲਗਭਗ 75 ਸਟਾਲ ਲਗਾਏ ਗਏ ਹਨ, ਜਿਨ੍ਹਾਂ ਵਿੱਚ ਦਿਵਯਾਂਗ ਉੱਦਮੀਆਂ ਦੇ ਨਾਲ-ਨਾਲ ਭਾਰਤ ਸਰਕਾਰ ਦੀਆਂ ਸੰਸਥਾਵਾਂ ਅਤੇ ਵੱਖ-ਵੱਖ ਗੈਰ-ਸਰਕਾਰੀ ਸੰਗਠਨਾਂ ਦੀ ਭਾਗੀਦਾਰੀ ਹੈ। 19 ਫਰਵਰੀ 2026 ਨੂੰ ਦਿਵਯਾਂਗਜਨਾਂ ਲਈ ਇੱਕ ਵਿਸ਼ੇਸ਼ ਰੁਜ਼ਗਾਰ ਮੇਲਾ ਆਯੋਜਿਤ ਕੀਤਾ ਜਾਵੇਗਾ। ਸੈਲਾਨੀ 1*9$3® ਸਟਾਲ 'ਤੇ ਸਹਾਇਕ ਉਪਕਰਣਾਂ ਲਈ ਰਜਿਸਟ?ਰੇਸ਼ਨ ਕਰ ਸਕਦੇ ਹਨ, ਜਦਕਿ ਵੱਖ-ਵੱਖ ਸੰਸਥਾਵਾਂ ਸਸ਼ਕਤੀਕਰਣ ਨਾਲ ਸਬੰਧਿਤ ਨਵੀਨਤਾਵਾਂ ਅਤੇ ਨਵੀਆਂ ਪਹਿਲਾਂ ਦਾ ਪ੍ਰਦਰਸ਼ਨ ਕਰ ਰਹੀਆਂ ਹਨ। ਬੋਚੀਆ, ਬਲਾਈਡ ਕ੍ਰਿਕਟ ਵਰਗੇ ਸਮਾਵੇਸ਼ੀ ਖੇਡਾਂ ਅਤੇ ਰੋਜ਼ਾਨਾ ਆਯੋਜਿਤ ਸੱਭਿਆਚਾਰਕ ਪ੍ਰੋਗਰਾਮਾਂ ਨਾਲ ਮੇਲਾ ਜੀਵੰਤ ਬਣਿਆ ਹੋਇਆ ਹੈ। 21 ਫਰਵਰੀ 2026 ਨੂੰ "ਦਿਵਯਾਂਗ ਕਲਾ ਸ਼ਕਤੀ"ਸਿਰਲੇਖ ਨਾਲ ਵਿਸ਼ੇਸ਼ ਸੱਭਿਆਚਾਰਕ ਪੇਸ਼ਕਾਰੀ ਵੀ ਆਯੋਜਿਤ ਕੀਤੀ ਜਾਵੇਗੀ। ਚੰਡੀਗੜ੍ਹ ਵਿੱਚ ਆਯੋਜਿਤ ਇਹ ਮੇਲਾ ਸਿਰਫ਼ ਇੱਕ ਬਾਜ਼ਾਰ ਨਹੀਂ, ਸਗੋਂ ਇੱਕ ਸਸ਼ਕਤ ਅੰਦੋਲਨ ਹੈ — ਜੋ ਇਹ ਸੰਦੇਸ਼ ਦਿੰਦਾ ਹੈ ਕਿ ਜਦੋਂ ਦਿਵਯਾਂਗਜਨ ਆਰਥਿਕ ਤੌਰ 'ਤੇ ਸਸ਼ਕਤ ਹੁੰਦੇ ਹਨ, ਤਾਂ ਉਹ ਪਰਿਵਾਰ, ਸਮਾਜ ਅਤੇ ਰਾਸ਼ਟਰ ਨੂੰ ਵੀ ਸਸ਼ਕਤ ਬਣਾਉਂਦੇ ਹਨ। ਦਿਵਯ ਕਲਾ ਮੇਲਾ ਇੱਕ ਸਮਾਵੇਸ਼ੀ ਭਾਰਤ ਦੀ ਦਿਸ਼ਾ ਵਿੱਚ ਨਿਰੰਤਰ ਅੱਗੇ ਵਧ ਰਿਹਾ ਹੈ, ਜਿੱਥੇ ਗਰਿਮਾ, ਮੌਕੇ ਅਤੇ ਆਤਮਨਿਰਭਰਤਾ ਨਾਲ-ਨਾਲ ਚੱਲਦੇ ਹਨ।

# ਯੂਥ ਕਾਂਗਰਸ ਦੀਆਂ ਚੋਣਾਂ ਵਿੱਚ ਨੌਜਵਾਨ ਅਹਿਮ ਭੂਮਿਕਾ ਨਿਭਾਉਣਗੇ : ਤੀਰਥ ਸਿੰਘ ਗੁਰੂ ਖੁਜਾਲਾ

ਜ਼ਿਕਰ ਪੰਜਾਬ

**ਜੰਡਿਆਲਾ ਗੁਰੂ/ਮਲਕੀਤ ਸਿੰਘ ਚੀਦਾ**

ਹਲਕਾ ਜੰਡਿਆਲਾ ਗੁਰੂ ਦੇ ਕਾਂਗਰਸ ਪਾਰਟੀ ਦੇ ਯੂਥ ਦੇ ਪ੍ਰਧਾਨ ਤੀਰਥ ਸਿੰਘ ਗੁਰੂ ਪਿੰਡ ਖੁਜਾਲਾ ਨੇ ਕਿਹਾ ਕਿ ਰਾਹੁਲ ਗਾਂਧੀ ਅਤੇ ਹਲਕਾ ਜੰਡਿਆਲਾ ਗੁਰੂ ਦੇ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਦੇ ਦਿਸਾ ਨਿਰਦੇਸ਼ਾ ਅਨੁਸਾਰ ਪੰਜਾਬ ਵਿੱਚ ਹੋ ਰਹੀਆਂ ਯੂਥ ਕਾਂਗਰਸ ਦੀਆਂ ਚੋਣਾਂ ਲਈ ਨੌਜਵਾਨਾਂ ਨੂੰ ਉਤਸ਼ਾਹਿਤ ਕਰਦਿਆਂ ਕਿਹਾ ਹੈ ਕਿ ਇੰਨੇ ਵੋਟਾਂ ਵਿੱਚ ਵੱਧ ਚੜ ਕੇ ਹਿੱਸਾ ਲਿਆ ਜਾਵੇ ਤੇ ਪਾਰਟੀ ਲਈ ਕੰਮ ਕਰਨ ਵਾਲੇ ਮਿਹਨਤੀ ਅਤੇ ਇਮਾਨਦਾਰ ਨੌਜਵਾਨਾਂ ਨੂੰ ਪਾਰਟੀ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਜਾਵੇ




ਤੀਰਥ ਸਿੰਘ ਗੁਰੂ ਪਿੰਡ ਖੁਜਾਲਾ ਨੇ ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ

ਉਨ੍ਹਾਂ ਨੇ ਸਮੁੱਚੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਇਸ ਪ੍ਰਕਿਰਿਆ ਨਾਲ ਮਿਹਨਤੀ ਤੇ ਪਾਰਟੀ ਦੇ ਜੁਝਾਰੂ ਵਰਕਰਾਂ ਨੂੰ ਹੋਰ ਵੀ ਸੇਵਾ ਕਰਨ ਦਾ ਮੌਕਾ ਮਿਲੇਗਾ। ਉਨ੍ਹਾਂ ਨੇ ਪੂਰੇ ਪੰਜਾਬ ਦੇ ਹਰੇਕ ਨੌਜਵਾਨ ਵਰਗ ਨੂੰ ਅਪੀਲ ਕਰਦੇ ਹਾਂ ਜਿਨ੍ਹਾਂ ਨੌਜਵਾਨ ਲੜਕੇ ਲੜਕੀਆਂ ਦੀ ਉਮਰ 18 ਸਾਲ ਤੋਂ 35 ਸਾਲ ਤੱਕ ਦੀ ਹੈ ਉਹ ਬਗੈਰ ਕਿਸੇ ਧਰਮ, ਜਾਤੀ ਆਦਿ ਦੇ ਵਿਦਰਕੇ ਤੋਂ ਉੱਪਰ ਉੱਠ ਕੇ ਉਹ ਆਪਣੀ ਵੋਟ ਦਾ ਇਸਤੇਮਾਲ ਜਰੂਰ ਕਰਨ।

# ਕਹਾਣੀਕਾਰ ਸੁਖਜੀਤ ਦੀ ਯਾਦ ਵਿੱਚ ਸਮਰਾਲਾ 'ਚ ਖੂਬਸੂਰਤ ਸਮਾਗਮ ਦਾ ਆਯੋਜਨ

ਜ਼ਿਕਰ ਪੰਜਾਬ

**ਲੁਧਿਆਣਾ/ਤਮੰਨਾ ਬੇਦੀ**

ਪੰਜਾਬੀ ਸਾਹਿੱਤ ਸਭਾ ਸਮਰਾਲਾ ਵੱਲੋਂ ਭਾਰਤੀ ਸਾਹਿੱਤ ਅਕਾਡਮੀ ਪੁਰਸਕਾਰ ਵਿਜੇਤਾ ਕਹਾਣੀਕਾਰ ਸੁਖਜੀਤ ਜੀ ਦੀ ਯਾਦ ਵਿੱਚ ਸਥਾਪਤ ਦੂਜਾ ਸੁਖਜੀਤ ਯਾਦਗਾਰੀ ਪੁਰਸਕਾਰ ਪ੍ਰਬੁੱਧ ਲੇਖਕ ਜੰਗ ਬਹਾਦਰ ਗੋਇਲ ਜੀ ਨੂੰ ਸ਼੍ਰੀ ਕਿਰਪਾਲ ਕਜ਼ਾਕ ਹੱਥੋਂ ਭੇਂਟ ਕਰਵਾਇਆ ਗਿਆ। ਪੁਰਸਕਾਰ ਵਿੱਚ ਸਨਮਾਨ ਪੱਤਰ, ਦੋਸ਼ਾਲਾ, ਸਨਮਾਨ ਨਿਸ਼ਾਨੀ ਤੇ ਇੱਕੀ ਹਜ਼ਾਰ ਰੁਪਏ ਦੀ ਧਨ ਰਾਸ਼ੀ ਸ਼ਾਮਲ ਹੈ। ਇਹ ਪੁਰਸਕਾਰ ਸੁਖਜੀਤ ਦੇ ਵਿਛੋੜਾ ਬਾਅਦ ਨਵਦੀਪ ਸਿੰਘ ਸਿੱਧੂ(ਕੈਨੇਡਾ) ਦਲਜਿੰਦਰ ਰਹਿਲ(ਇਟਲੀ) ਤੇ ਬਲਵਿੰਦਰ ਚਾਹਲ(ਬਰਮਿੰਘਮ ਯੂ ਕੇ) ਦੇ ਯਤਨਾਂ ਤੇ ਮਦਦ ਨਾਲ ਸਥਾਪਿਤ ਕੀਤਾ ਗਿਆ ਸੀ। ਇਸ ਮਾਣਮੱਤੇ ਮੁਬਾਰਕ ਪਲਾਂ ਨੂੰ



ਮੈਂ ਵੀ ਸੱਜਣਾਂ ਸੰਗ ਮਾਣਿਆ ਮਿੱਤਰਾਂ ਸਮੇਤ। ਇਸ ਮੌਕੇ ਆਧਾਰ ਪ੍ਰਕਾਸ਼ਨ ਪੰਚਕੂਲਾ ਵੱਲੋਂ ਸੁਖਜੀਤ ਦੀ ਸਵੈਜੀਵਨੀ ਮੂਲਕ ਬਿਰਤਾਂਤ ਦੀ ਪੁਸਤਕ "ਮੈਂ ਜੈਸਾ ਹੂੰ, ਮੈਂ ਵੈਸਾ ਕਿਉਂ ਹੂੰ"ਦਾ ਜੰਗ ਬਹਾਦਰ ਗੋਇਲ ਜੀ ਵੱਲੋਂ ਕੀਤਾ ਹਿੰਦੀ ਅਨੁਵਾਦ ਲੋਕ ਅਰਪਣ ਕੀਤਾ ਗਿਆ। ਦਰਸ਼ਨ ਬੁੱਟਰ, ਡਾ. ਸੁਰਜੀਤ, ਦੇਸ਼ ਨਿਰਮੋਹੀ, ਡਾ. ਪਰਮਿੰਦਰ ਸਿੰਘ ਬੈਨੀਪਾਲ, ਪਰਮਜੀਤ ਸਿੰਘ ਖੰਨਾ ਐਡਵੋਕੇਟ, ਰਾਜਵਿੰਦਰ ਸਮਰਾਲਾ, ਕਮਲ, ਗੁਰਮੁਖਦੀਪ ,ਪਰਮਿੰਦਰ ਸਿੰਘ ਗਿੱਲ, ਕੁਲਦੀਪ ਸਿੰਘ ਗਿੱਲ ਸੱਰੀ ਕੈਨੇਡਾ , ਸੁਰਿੰਦਰ ਰਾਮਪੁਰੀ, ਬਲਵਿੰਦਰ ਗਰੇਵਾਲ, ਮਨਮੋਹਨ ਸਿੰਘ ਦਾਊਂ, ਦਲਜੀਤ ਕੌਰ ਦਾਊਂ, ਕਮਲਜੀਤ ਨੀਲੋਂ, ਜਗਦੀਸ਼ ਸਿੰਘ ਚਿੱਤਰਕਾਰ ਮਾਛੀਵਾੜਾ, ਸੁਖਜੀਤ ਦੀ ਸੁਪਤਨੀ ਗੁਰਦੀਪ ਕੌਰ, ਬੇਟੀ ਪ੍ਰੋ. ਜਪਜੀ, ਸਤੀਸ਼ ਗੁਲਾਟੀ, ਰਾਮ ਸਿੰਘ , ਬੁੱਧ ਸਿੰਘ ਨੀਲੋਂ, ਜਤਿੰਦਰ ਕੌਰ ਬੁਆਲ, ਸੁਖਜੀਤ ਦਾ ਨਿੱਕਾ ਵੀਰ ਉਧਮ ਸਿੰਘ, ਸੁਰਜੀਤ ਸੁਮਨ, ਅਨਿਲ ਫਤਹਿਗੜ੍ਹ ਜੱਟਾਂ, ਬਲਵੰਤ ਮਾਂਗਟ, ਮਨਦੀਪ ਸਿੰਘ ਡਡਿਆਣਾ, ਪ੍ਰੋ. ਭਜਨ ਸਿੰਘ, ਜਸਵੰਤ ਸਿੰਘ ਮਸਤ, ਤਰਣ ਬੱਲ, ਸੁਰਜੀਤ ਵਿਸ਼ਦ, ਮੁਖਤਿਆਰ ਸਿੰਘ ਕਹਾਣੀਕਾਰ ਤੋਂ ਇਲਾਵਾ ਸਭਾ ਦੇ ਪ੍ਰਧਾਨ ਸਿਮਰਜੀਤ ਸਿੰਘ ਕੰਗ, ਸਨਰਲ ਸਕੱਤਰ ਦੀਪ ਦਿਲਬਰ, ਯਤਿੰਦਰ ਕੌਰ ਮਾਹਲ ਸਮੇਤ ਸਮੂਹ ਮੈਂਬਰ ਹਾਜ਼ਰ ਸਨ। ਇਸ ਮੌਕੇ ਸਥਾਨਕ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਤੇ ਨਗਰ ਕੌਂਸਲ ਮਾਛੀਵਾੜਾ ਸਾਹਿਬ ਦੀ ਵਿਸ਼ੇਸ਼ ਸ਼ਲਾਘਾ ਕੀਤੀ ਗਈ, ਜਿੰਨ੍ਹਾਂ ਨੇ ਸੁਖਜੀਤ ਵੱਲੋਂ ਕੁਝ ਸਮਾਂ ਪਹਿਲਾਂ ਮਾਛੀਵਾੜਾ ਸਾਹਿਬ ਵਿਖੇ ਬਣਾਈ ਸ਼ਬਦ ਲਾਇਬਰੇਰੀ ਨੂੰ ਬਾਰਾਂ ਲੱਖ ਤੋਂ ਵੱਧ ਰਾਸ਼ੀ ਖ਼ਰਚ ਕੇ ਨਵਿਆਇਆ ਤੇ ਸਮੇਂ ਦੇ ਅਨੁਕੂਲ ਬਣਾਇਆ ਹੈ। ਸੁਖਜੀਤ ਬਾਰੇ ਬਲਵਿੰਦਰ ਗਰੇਵਾਲ ਤੇ ਡਾ. ਸੁਰਜੀਤ ਤੋਂ ਇਲਾਵਾ ਸਭ ਬੁਲਾਰਿਆਂ ਨੇ ਵੀ ਗੱਲਾਂ ਕੀਤੀਆਂ। ਚੇਤਨਾ ਪ੍ਰਕਾਸ਼ਨ ਲੁਧਿਆਣਾ ਵੱਲੋਂ ਪ੍ਰਕਾਸ਼ਿਤ "ਸੁਖਜੀਤ ਦੀਆਂ ਚੋਣਵੀਆਂ ਕਹਾਣੀਆਂ"(ਸੰਪਾਦਕ ਜਪਜੀ) ਨੂੰ ਵੀ ਲੋਕ ਅਰਪਨ ਕੀਤਾ ਗਿਆ। ਚੰਗੇ ਸੰਗਠਿਤ ਸਮਾਗਮ ਲਈ ਪੰਜਾਬੀ ਸਾਹਿੱਤ ਸਭਾ ਸਮਰਾਲਾ ਦੇ ਸਾਰੇ ਮੈਂਬਰ ਮੁਬਾਰਕਯੋਗ ਹਨ। ਕਹਾਣੀਕਾਰ ਸੰਦੀਪ ਸਮਰਾਲਾ ਤੇ ਲੋਕ-ਧਾਰਾ ਮਾਹਿਰ ਜਤਿੰਦਰ ਕੌਰ ਬੁਆਲ ਨੇ ਪ੍ਰੋ. ਗੁਰਭਜਨ ਗਿੱਲ ਨੂੰ ਆਪਣੀਆਂ ਪਲੇਠੀਆਂ ਨਵ ਪ੍ਰਕਾਸ਼ਿਤ ਕਿਤਾਬਾਂ ਵੀ ਭੇਂਟ ਕੀਤੀਆਂ।

# ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਮਹਾਸ਼ਿਵਰਾਤਰੀ ਮੌਕੇ ਸੂਬਾ ਤੇ ਦੇਸ਼ ਵਾਸੀਆਂ ਦੀ ਤਰੱਕੀ ਤੇ ਖੁਸ਼ਹਾਲੀ ਲਈ ਕੀਤੀ ਪ੍ਰਾਰਥਨਾ

ਜ਼ਿਕਰ ਪੰਜਾਬ

**ਜਲੰਧਰ/ਬਲਵਿੰਦਰ ਕੁਮਾਰ**

ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਅੱਜ ਮਹਾਸ਼ਿਵਰਾਤਰੀ ਮੌਕੇ ਭਗਵਾਨ ਸ਼ਿਵ ਅੱਗੇ ਸੂਬਾ ਅਤੇ ਦੇਸ਼ ਵਾਸੀਆਂ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਪ੍ਰਾਰਥਨਾ ਕੀਤੀ। ਇਥੇ ਸਨਾਤਨ ਸੇਵਾ ਸਮਿਤੀ (ਦੋਆਬਾ ਜ਼ੋਨ) ਜ਼ਿਲ੍ਹਾ ਜਲੰਧਰ ਵੱਲੋਂ ਮਹਾਸ਼ਿਵਰਾਤਰੀ ਮੌਕੇ ਮਾਡਲ ਹਾਊਸ ਸਥਿਤ ਸ਼?ਰੀ ਲਕਸ਼ਮੀ ਨਾਰਾਇਣ ਮੰਦਿਰ ਵਿਖੇ ਕਰਵਾਏ ਗਏ ਸੰਕੀਰਤਨ ਸਮਾਗਮ ਵਿੱਚ ਸ਼ਿਰਕਤ ਕਰਦਿਆਂ ਕੈਬਨਿਟ ਮੰਤਰੀ ਨੇ ਸਭ ਨੂੰ ਮਹਾਸ਼ਿਵਰਾਤਰੀ ਦੇ ਤਿਉਹਾਰ ਦੀ ਤਹਿ ਦਿਲੋਂ ਵਧਾਈ ਦਿੱਤੀ। ਇਸ ਮੌਕੇ ਉਨ੍ਹਾਂ ਨਾਲ ਮੇਅਰ ਵਿਨੀਤ ਧੀਰ ਅਤੇ ਸੀਨੀਅਰ 'ਆਪ' ਆਗੂ ਨਿਤਿਨ ਕੋਹਲੀ, ਸੰਗਠਨ ਰਾਸ਼ਟਰੀ ਪ੍ਰਧਾਨ



ਵਿਜੇ ਸ਼ਰਮਾ ਵੀ ਮੌਜੂਦ ਸਨ। ਭਗਤ ਨੇ ਕਿਹਾ ਕਿ ਇਸ ਪਵਿੱਤਰ ਤਿਉਹਾਰ ਮੌਕੇ ਸਾਨੂੰ ਸਭ ਨੂੰ ਸਮਾਜ ਵਿੱਚ ਪ੍ਰੇਮ, ਏਕਤਾ ਅਤੇ ਸਾਂਝੀਵਾਲਤਾ ਨੂੰ ਮਜ਼ਬੂਤ ਕਰਨ ਲਈ ਯਤਨ ਕਰਨ ਦਾ ਪ੍ਰਣ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਪਵਿੱਤਰ ਤਿਉਹਾਰ ਤੇ ਸਮਾਗਮ ਸਾਨੂੰ ਆਪਸ ਵਿੱਚ ਜੋੜ ਕੇ ਰੱਖਣ ਅਤੇ ਆਪਸੀ ਭਾਈਚਾਰੇ ਦੀਆਂ ਤੰਦਾਂ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸਮਾਗਮ ਵਿੱਚ ਸੰਗਠਨ ਦੇ ਮਹਾਂਮੰਤਰੀ ਅਲੋਕ ਨਾਗਪਾਲ, ਜ਼ੋਨ ਪ੍ਰਧਾਨ ਪਰਵਿੰਦਰ ਬਹਿਲ, ਜ਼ੋਨ ਮਹਾਂਮੰਤਰੀ ਸ਼ਾਂਤ ਗੁਪਤਾ, ਮੰਤਰੀ ਸੁਭਾਸ਼ ਸ਼ਰਮਾ, ਕੌਂਸਲਰ ਸੌਰਭ ਸੇਠ, ਕੌਂਸਲਰ ਰਾਜੀਵ ਓਂਕਾਰ ਟਿੱਕਾ, ਕੌਂਸਲਰ ਰੋਮੀ ਵਧਵਾ, ਜ਼ਿਲ੍ਹਾ ਸੰਗਠਨ ਪ੍ਰਧਾਨ ਯਸ਼ ਚੱਢਾ, ਜ਼ਿਲ੍ਹਾ ਉਪ ਪ੍ਰਧਾਨ ਰਾਜੇਸ਼ ਮਿੱਡਾ, ਵਿਸ਼ਾਲ ਸ਼ਰਮਾ, ਅਰੁਣ ਅਰੋੜਾ, ਅਤੁਲ ਨਾਗਪਾਲ, ਧਵਲ ਖੰਨਾ, ਦੀਪਕ ਸ਼ਰਮਾ ਆਦਿ ਵੀ ਮੌਜੂਦ ਸਨ।

# ਜੰਡਿਆਲਾ ਗੁਰੂ 'ਚ ਡੈਨੀ ਬੰਡਾਲਾ ਨੇ ਕੀਤੀ ਕਾਂਗਰਸੀ ਵਰਕਰਾਂ ਨਾਲ ਅਹਿਮ ਮੀਟਿੰਗ

ਜ਼ਿਕਰ ਪੰਜਾਬ

**ਜੰਡਿਆਲਾ ਗੁਰੂ/ਮਲਕੀਤ ਸਿੰਘ ਚੀਦਾ**

ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਵਿਚ ਸਿਆਸੀ ਸਰਗਰਮੀਆਂ ਨੂੰ ਮਜ਼ਬੂਤ ਕਰਦੇ ਹੋਏ ਬਲਾਕ ਦੇ ਕਾਂਗਰਸੀ ਆਗੂਆਂ ਅਤੇ ਵਰਕਰਾਂ ਦੀ ਅਹਿਮ ਮੀਟਿੰਗ ਕਰਵਾਈ ਗਈ। ਮੀਟਿੰਗ ਦੀ ਅਗਵਾਈ ਹਲਕੇ ਦੇ ਸਾਬਕਾ ਵਿਧਾਇਕ ਤੇ ਕਾਂਗਰਸ ਕਮੇਟੀ ਦਿਹਾਤੀ ਅੰਮ੍ਰਿਤਸਰ ਦੇ ਪ੍ਰਧਾਨ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਵਲੋਂ ਕੀਤੀ ਗਈ। ਮੀਟਿੰਗ ਵਿਚ ਵੱਡੀ ਗਿਣਤੀ ਵਿਚ ਪਾਰਟੀ ਆਗੂਆਂ ਅਤੇ ਵਰਕਰਾਂ ਨੇ ਹਿੱਸਾ ਲਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਡੈਨੀ ਬੰਡਾਲਾ ਨੇ ਕਿਹਾ ਕਿ ਹਲਕੇ ਵਿਚ ਪਾਰਟੀ ਵਰਕਰਾਂ ਦੀ ਮਿਹਨਤ ਅਤੇ ਇਕਜੁੱਟਤਾ ਨਾਲ ਕਾਂਗਰਸ ਪਾਰਟੀ ਮਜ਼ਬੂਤੀ ਨਾਲ ਅੱਗੇ ਵੱਧ ਰਹੀ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਹੋਈ ਵੱਡੀ ਅਤੇ ਹੁਣ ਸਿਰਫ਼ ਸੋਸ਼ਲ ਮੀਡੀਆ ਤੱਕ ਸੀਮਤ ਹੋ ਕੇ ਰਹਿ ਗਈ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ 2027,ਚ ਚੋਣਾਂ ਵਿੱਚ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣੇਗੀ ਅਤੇ ਸਾਬਕਾ ਕਾਂਗਰਸੀ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਨੇ ਕਿਹਾ ਕਿ ਪੰਜਾਬ ਦੇ ਲੋਕ ਸਿਰਫ ਕਾਂਗਰਸ ਪਾਰਟੀ ਦੀ ਲੋਕ ਉਡੀਕ ਕਰ ਰਹੇ ਹਨ ਕਦੋ ਕਾਂਗਰਸ ਪਾਰਟੀ ਦੀ ਪੰਜਾਬ ਸਰਕਾਰ ਆਵੇ ਤਾ



ਜੋ ਪੰਜਾਬ ਅਤੇ ਹਲਕਾ ਦਾ ਜੰਗੀ ਪੱਧਰ,ਤੇ ਵਿਕਾਸ ਹੋ ਸਕੇ ਇਸ ਮੌਕੇ,ਤੇ ਨਾਲ ਹਲਕਾ ਜੰਡਿਆਲਾ ਗੁਰੂ ਦੇ ਯੂਥ ਕਾਂਗਰਸ ਪਾਰਟੀ ਦੇ ਪ੍ਰਧਾਨ ਤੀਰਥ ਸਿੰਘ ਗੁਰੂ ਪਿੰਡ ਖੁਜਾਲਾ ਸਾਧੂ ਸਿੰਘ ਮੁੱਛਲ ਅੰਮਿ?ਤਸਰ ਦਿਹਾਤੀ ਦੇ ਮੀਤ ਪ੍ਰਧਾਨ ਅਵਤਾਰ ਸਿੰਘ ਟੱਕਰ ਜਾਣੀਆਂ ਸਰਪੰਚ ਅਤੇ ਕਾਂਗਰਸ ਪਾਰਟੀ ਦੇ ਆਗੂ ਪਰਮਜੀਤ ਸਿੰਘ ਨੰਗਲ ਗੁਰੂ ਹਲਕਾ ਜੰਡਿਆਲਾ ਗੁਰੂ ਦੇ ਕੁਆਟਨੀਟੇਰ ਡਾਕਟਰ ਲਖਵਿੰਦਰ ਸਿੰਘ ਬੰਡਾਲਾ ਸਾਬਕਾ ਸਰਪੰਚ ਸੁਖਰਾਜ ਸਿੰਘ ਮਾਨਾਵਾਲਾ ਕਾਂਗਰਸ ਪਾਰਟੀ ਦੇ ਆਗੂ ਰਾਜਵੰਤ ਸਿੰਘ ਸੰਧੂ ਰਾਏਪੁਰ ਕਲਾ ਬਲਾਕ ਸੰਮਤੀ ਚੇਅਰਮੈਨ ਹਰਜੀਤ ਸਿੰਘ ਬੰਡਾਲਾ ਸਾਬਕਾ ਸਰਪੰਚ ਦਿਲਬਾਗ ਸਿੰਘ ਸਫੀਪੁਰ ਪੀ ਏ ਗੁਰਪ੍ਰੀਤ ਸਿੰਘ ਗੋਪੀ ਜਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਮੀਤ ਪ੍ਰਧਾਨ ਕੁਲਦੀਪ ਸਿੰਘ ਬਾਠ ਬੰਡਾਲਾ ਸਾਬਕਾ ਸਰਪੰਚ ਦਿਲਬਾਗ ਸਿੰਘ ਜੋਹਲ ਮੈਬਰ ਸੁਵਿੰਦਰ ਸਿੰਘ ਸੇਠ ਵਡਾਲਾ ਜੋਹਲ ਜਗਜੀਤ ਸਿੰਘ ਜੱਗੀ ਬੰਡਾਲਾ ਸਾਬਕਾ ਸਰਪੰਚ ਰਣਜੀਤ ਸਿੰਘ ਰਾਣਾ ਜੰਡ ਨੰਬਰਦਾਰ ਸੁਖਦੇਵ ਸਿੰਘ ਮਿੰਟੂ ਠੰਠੀਆ ਧਰਮਿੰਦਰ ਸਿੰਘ ਵੀਰ ਠੱਠੀਆ ਸਾਬਕਾ ਸਰਪੰਚ ਰਾਜਵਿੰਦਰ ਸਿੰਘ ਰਾਜੂ ਬੰਡਾਲਾ ਪ੍ਰਧਾਨ ਹਰਪਾਲ ਕੋਰ ਗਹਿਰੀ ਮੰਡੀ ਮੈਬਰ ਸਤਨਾਮ ਸਿੰਘ ਵਿਨੋਦ ਕਾਕਾ ਮੋਬਾਇਲਾ ਵਾਲਾ ਗਹਿਰੀ ਮੰਡੀ ਡਾਕਟਰ ਕੁਲਵਿੰਦਰ ਸਿੰਘ ਗਹਿਰੀ ਮੰਡੀ ਪ੍ਰਧਾਨ ਰਾਜਵਿੰਦਰ ਕੋਰ ਗਹਿਰੀ ਮੰਡੀ ਬਲਵਿੰਦਰ ਸਿੰਘ ਬਿੱਲਾ ਪੰਪਵਾਲਾ ਗਹਿਰੀ ਮੰਡੀ ਹੋਰ ਆਦਿ ਹਾਜਰ ਸਨ।

# ਸੈਕਟਰ -94 ਵਿਖੇ ਮਨਾਇਆ ਗਿਆ ਸ਼ਿਵਰਾਤਰੀ ਦਾ ਪਾਵਨ ਤਿਉਹਾਰ

**• ਭਗਵਾਨ ਸ਼ਿਵ ਸ਼ੰਕਰ ਕਰਨਗੇ ਹਰ ਇੱਕ ਦੀ ਮੁਰਾਦ ਪੂਰੀ : ਕੁਲਵੰਤ ਸਿੰਘ • ਕੌਂਸਲਰ ਸਰਬਜੀਤ ਸਿੰਘ ਸਮਾਣਾ ਨੇ ਸ਼ਿਵਰਾਤਰੀ ਮੌਕੇ ਦਿੱਤੀ ਸਭਨਾਂ ਨੂੰ ਮੁਬਾਰਕਬਾਦ**

ਜ਼ਿਕਰ ਪੰਜਾਬ

**ਮੋਹਾਲੀ** : ਅੱਜ ਬੜਾ ਹੀ ਪਾਵਨ, ਸੁਭਾਗਾ ਅਤੇ ਖੁਸ਼ੀਆਂ ਭਰਿਆ ਦਿਨ ਹੈ ਕਿ ਆਪਾਂ ਸਭ ਭਗਵਾਨ ਸ੍ਰੀ ਭੋਲੇਨਾਥ ਜੀ ਦੇ ਚਰਨਾਂ ਵਿੱਚ ਬੈਠੇ ਹਾਂ ਅਤੇ ਸ਼ਿਵਰਾਤਰੀ ਦਾ ਤਿਉਹਾਰ ਸਾਰੇ ਧਰਮਾਂ ਤੋਂ ਉੱਪਰ ਉੱਠ ਕੇ ਸਾਂਝੇ ਤੌਰ ਤੇ ਮਨਾਇਆ ਜਾ ਰਿਹਾ ਹੈ, ਇਸ ਦੇ ਲਈ ਮੈਂ ਸਭਨਾ ਨੂੰ ਮੁਬਾਰਕਬਾਦ ਦਿੰਦਾ ਹਾਂ। ਇਹ ਗੱਲ ਵਿਧਾਇਕ ਮੋਹਾਲੀ ਕੁਲਵੰਤ ਸਿੰਘ ਨੇ ਕਹੀ। ਵਿਧਾਇਕ ਮੋਹਾਲੀ ਕੁਲਵੰਤ ਸਿੰਘ ਸ਼੍ਰੀ ਸ਼ਿਵ ਸ਼ਕਤੀ ਮੰਦਰ ਸਭਾ ਸੈਕਟਰ- 94 ਮੋਹਾਲੀ ਵੱਲੋਂ ਸ਼ਿਵਰਾਤਰੀ ਦਾ ਤਿਉਹਾਰ ਮਨਾਏ ਜਾਣ ਦੇ ਲਈ ਕਰਵਾਏ ਗਏ ਸਮਾਗਮ ਵਿੱਚ ਸ਼ਿਰਕਤ ਕਰ ਰਹੇ ਸਨ। ਵਿਧਾਇਕ ਕੁਲਵੰਤ ਸਿੰਘ ਹੋਰਾਂ ਕਿਹਾ ਕਿ ਸਰਬ ਸ਼ਕਤੀਮਾਨ ਭਗਵਾਨ ਸ਼ਿਵ ਸ਼ੰਕਰ ਜੀ ਦੇ ਸ਼ਰਧਾਲੂ ਵੱਡੀ ਗਿਣਤੀ ਦੇ ਵਿੱਚ ਇਸ ਸਮਾਗਮ ਦੇ ਵਿੱਚ ਹਾਜ਼ਰ ਹਨ। ਸ਼ਿਵਰਾਤਰੀ ਦਾ ਤਿਉਹਾਰ ਦੇਸ਼ ਦੇ ਵੱਖ-ਵੱਖ ਕੋਨਿਆਂ ਤੋਂ ਇਲਾਵਾ ਵਿਦੇਸ਼ਾਂ ਵਿੱਚ ਵੀ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ। ਅਤੇ ਮੈ ਸੈਕਟਰ- 94 ਵਿੱਚ ਇੰਨੀ ਵੱਡੀ ਇਕੱਤਰਤਾ ਪਹਿਲੀ ਵਾਰ ਵੇਖੀ ਹੈ ਕਿ ਹਰ ਧਰਮ ਅਤੇ ਫਿਰਕੇ ਨਾਲ ਸੰਬੰਧਿਤ ਵਿਅਕਤੀ ਇਸ ਜਗ੍ਹਾ ਤੇ ਹਾਜ਼ਰ ਹੈ ਅਤੇ ਮਿਲ ਬੈਠ ਕੇ ਸ਼ਰਧਾਲੂਗਣ ਆਪੋ- ਆਪਣੀ ਸ਼ਰਧਾ ਨਾਲ ਭਗਵਾਨ ਸ਼ਿਵ ਸ਼ੰਕਰ ਜੀ ਦਾ ਗੁਣਗਾਨ ਕਰ ਰਹੇ ਹਨ, ਅਤੇ ਇਹ ਭਾਰਤ ਦੇਸ਼ ਦੀ ਵਿਲੱਖਣਤਾ ਹੈ ਕਿ ਭਾਵੇਂ ਦਿਵਾਲੀ ਹੋਵੇ, ਈਦ ਹੋਵੇ। ਕ੍ਰਿਸਮਸ ਹੋਵੇ ਜਾਂ ਫਿਰ ਕੋਈ ਵੀ ਹੋਰ ਧਰਮ ਨਾਲ ਸੰਬੰਧਿਤ ਤਿਉਹਾਰ ਹੋਵੇ, ਸਭ ਮਿਲ ਕੇ ਮਨਾਉਂਦੇ ਹਨ। ਉਨ੍ਹਾਂ ਕਿਹਾ ਕਿ ਮੈਂ ਵੀ ਆਪਣੇ ਆਪ ਨੂੰ ਵਡਭਾਗੀ ਸਮਝਦਾ ਹਾਂ ਕਿ ਮੋਹਾਲੀ ਦੇ ਲੋਕਾਂ ਨੇ



ਮੈਨੂੰ ਤੇ ਮੇਰੇ ਪਰਿਵਾਰ ਨੂੰ ਬਹੁਤ ਮਾਣ-ਸਤਿਕਾਰ ਹਮੇਸ਼ਾ ਹੀ ਦਿੱਤਾ ਹੈ ਅਤੇ ਮੇਰੀ ਇਹ ਕੋਸ਼ਿਸ਼ ਰਹਿੰਦੀ ਹੈ ਕਿ ਜੋ ਕੁਝ ਵੀ ਮੈਂ ਮੋਹਾਲੀ ਦੇ ਲੋਕਾਂ ਲਈ ਕਰ ਸਕਾਂ। ਉਹ ਹਰ ਹੀਲੇ ਕਰਾਂ, ਵਿਧਾਇਕ ਕੁਲਵੰਤ ਸਿੰਘ ਹੋਰਾਂ ਕਿਹਾ ਕਿ ਸੈਣੀ ਪਰਿਵਾਰ ਪਹਿਲਾਂ ਫੇਸ- 10 ਦੇ ਵਿੱਚ ਸਾਂਝੇ ਸਮਾਗਮ ਕਰਵਾਉਣ ਦੇ ਲਈ ਹਮੇਸ਼ਾ ਅਗਾਂਹ ਵਧੂ ਭੂਮਿਕਾ ਨਿਭਾਉਂਦਾ ਸੀ ਅਤੇ ਇਸ ਸੈਕਟਰ ਦੇ ਵਿੱਚ ਵੀ ਉਹ ਅਜਿਹੇ ਸਮਾਗਮ ਕਰਵਾਉਣ ਦੇ ਲਈ ਹਮੇਸ਼ਾ ਪਹਿਲ ਕਦਮੀ ਕਰਦੇ ਹਨ। ਉਨ੍ਹਾਂ ਕਿਹਾ ਕਿ ਇੱਥੇ ਸੈਕਟਰ- 89 ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਵੀ ਬੈਠੇ ਹਨ ਅਤੇ ਮੈਂ ਇਹਨਾਂ ਨੂੰ ਵੀ ਗੁਰਦੁਆਰਾ ਸਾਹਿਬ ਲਈ ਜਮੀਨ ਦੇ ਸਬੰਧ ਵਿੱਚ 100% ਭਰੋਸਾ ਦੇ ਚੁੱਕਾ ਹਾਂ ਅਤੇ ਭਗਵਾਨ ਸ਼ਿਵ ਸ਼ੰਕਰ ਮੈਨੂੰ ਇਹ ਸੁਮੱਤ ਅਤੇ ਬੁੱਧੀ ਬਖਸ਼ਣ ਕਿ ਮੈਂ ਜਲਦੀ ਤੋਂ ਜਲਦੀ ਇਸ ਮੰਗ ਨੂੰ ਪੂਰੀ ਕਰਵਾ ਸਕਾਂ।

ਉਨ੍ਹਾਂ ਕਿਹਾ ਕਿ ਭਗਵਾਨ ਭੋਲੇਨਾਥ ਦੀ ਸ਼ਰਨ ਦੇ ਵਿੱਚ ਆਉਣ ਲਈ ਜੋ- ਜੋ ਵੀ ਇੱਛਾ ਆਪਣੇ ਮਨ ਵਿੱਚ ਰੱਖ ਕੇ ਸ਼ਰਧਾਲੂ ਇੱਥੇ ਆਏ ਹਨ , ਭਗਵਾਨ ਸ਼ਿਵ ਸ਼ੰਕਰ ਹਰ ਸੂਰਤ ਵਿੱਚ ਪੂਰੀ ਕਰਨਗੇ। ਇਸ ਮੌਕੇ ਤੇ ਮੌਜੂਦ ਸਾਬਕਾ ਕੌਂਸਲਰ ਸਰਬਜੀਤ ਸਿੰਘ ਸਮਾਣਾ ਨੇ ਸ਼ਿਵਰਾਤਰੀ ਦੇ ਤਿਉਹਾਰ ਮੌਕੇ ਸਭਨਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਭਗਵਾਨ ਸ਼ਿਵ ਸ਼ੰਕਰ ਅੱਗੇ ਇਹ ਪ੍ਰਾਰਥਨਾ ਕੀਤੀ ਕਿ ਉਹ ਹਾਜ਼ਰੀਨ ਸਭ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ। ਇਸ ਮੌਕੇ ਤੇ ਵੀ ਯੂਥ ਨੇਤਾ ਅਤੇ ਕੌਂਸਲਰ-ਸਰਬਜੀਤ ਸਿੰਘ ਸਮਾਣਾ ਤੋਂ ਇਲਾਵਾ ਕੁਲਦੀਪ ਸਿੰਘ ਸਮਾਣਾ, ਸਾਬਕਾ ਕੌਂਸਲਰ ਰਜਿੰਦਰ ਪ੍ਰਸਾਦ ਸ਼ਰਮਾ, ਬੀ. ਸੀ. ਸੈਣੀ, ਰਾਜ ਕੁਮਾਰ, ਕਮਲ ਬਾਬੂ, ਪੁਸ਼ਪਿੰਦਰ ਸ਼ਰਮਾ ਮੀਨਾ ਸੈਣੀ, ਦੀਪਾਲੀ ਛਾਵੜਾ, ਐਡਵੋਕੇਟ ਜਤਿਨ ਸੈਣੀ, ਪ੍ਰਦੀਪ, ਮਨਪ੍ਰੀਤ ਸਿੰਘ, ਊਸ਼ਾ ਰਾਣੀ, ਸ਼ਿਵਾਨੀ ਦਰਸ਼ਨਾ ਵੀ ਹਾਜ਼ਰ ਸਨ।

# ਗੈਂਗਸਟਰਾਂ ਉੱਤੇ ਵਾਰ' ਦਾ 26ਵਾਂ ਦਿਨ: ਪੰਜਾਬ ਪੁਲਿਸ ਨੇ 571 ਥਾਵਾਂ 'ਤੇ ਕੀਤੀ ਛਾਪੇਮਾਰੀ; 193 ਕਾਬੂ

ਜ਼ਿਕਰ ਪੰਜਾਬ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸ਼ੁਰੂ ਕੀਤੀ ਗਈ ਫੈਸਲਾਕੁੰਨ 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਦੇ 26ਵੇਂ ਦਿਨ, ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਨਾਲ ਸਬੰਧਤ ਪਛਾਣੇ ਗਏ ਅਤੇ ਮੈਪ ਕੀਤੇ ਟਿਕਾਣਿਆਂ 'ਤੇ 571 ਛਾਪੇਮਾਰੀਆਂ ਕੀਤੀਆਂ। ਜਾਣਕਾਰੀ ਅਨੁਸਾਰ, 'ਗੈਂਗਸਟਰਾਂ 'ਤੇ ਵਾਰ' - ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਵਿੱਢੀ ਇੱਕ ਫੈਸਲਾਕੁੰਨ ਜੰਗ - 20 ਜਨਵਰੀ, 2026 ਨੂੰ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਇਸ ਤਹਿਤ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਵੱਲੋਂ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸੂਬੇ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਇਸ ਮੁਹਿੰਮ ਦੇ 26ਵੇਂ ਦਿਨ, ਪੁਲਿਸ ਟੀਮਾਂ ਨੇ 193 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ 3 ਹਥਿਆਰ ਬਰਾਮਦ ਕੀਤੇ। ਇਸ ਦੇ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਗਿਣਤੀ 9437 ਹੋ ਗਈ ਹੈ। ਇਸ ਤੋਂ ਇਲਾਵਾ 66 ਵਿਅਕਤੀਆਂ ਵਿਰੁੱਧ ਰੋਕਥਾਮ ਕਾਰਵਾਈ ਕੀਤੀ ਗਈ, ਜਦੋਂ ਕਿ 108 ਵਿਅਕਤੀਆਂ ਦੀ ਤਸਦੀਕ ਕੀਤੀ ਗਈ ਅਤੇ ਪੁੱਛਗਿੱਛ ਤੋਂ ਬਾਅਦ ਉਨ੍ਹਾਂ ਨੂੰ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਵੱਲੋਂ ਕਾਰਵਾਈ ਦੌਰਾਨ 9 ਭਗੌੜੇ ਅਪਰਾਧੀਆਂ (ਪੀਓ) ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਲੋੜੀਂਦੇ ਅਪਰਾਧੀਆਂ/ ਗੈਂਗਸਟਰਾਂ ਬਾਰੇ ਜਾਣਕਾਰੀ ਅਤੇ ਅਪਰਾਧ ਤੇ ਅਪਰਾਧਿਕ ਗਤੀਵਿਧੀਆਂ ਬਾਰੇ ਇਤਲਾਹ ਦੇਣ ਲਈ ਲੋਕ ਗੁਪਤ ਰੂਪ ਵਿੱਚ ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਸੰਪਰਕ ਕਰ ਸਕਦੇ ਹਨ। ਜ਼ਿਕਰਯੋਗ ਹੈ ਕਿ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' 351ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 44 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 20.7 ਕਿਲੋ ਹੈਰੋਇਨ, 210 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 2.28 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਨਾਲ ਸਿਰਫ 351 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 49,674 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ 19 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

